
विलास

ਕਿਤਾਬ

ਕੁਦਰਤ ਤੋਂ ਬਲਿਹਾਰ ...

ਪਰਮ ਨਿਮਾਣਾ

ਸਮਰਪਣ

ਇਹ "ਕਿਤਾਬ" ਚੜ੍ਹਦੀ ਸਵੇਰ ਦੀ ਸੁੰਨ, ਬਾਬੇ ਨਾਨਕ ਦੀ ਬਾਣੀ, ਸੂਰਜ ਦੀ ਲਾਲੀ, ਪੰਛੀਆਂ ਦੀਆਂ ਉਡਾਰੀਆਂ, ਸੱਤ ਭਾਂਤੀਆਂ ਗਟਾਰਾਂ ਦੀਆਂ ਬੋਲੀਆਂ, ਰੁੱਖਾਂ ਦੀਆਂ ਹਵਾਵਾਂ, ਪਹਿਆਂ ਚੋਂ ਉਡਦੀਆਂ ਧੂੜਾਂ, ਅੱਕਾਂ ਦੀ ਖੁਸ਼ਬੂ, ਕਰੀਰਾਂ ਦੇ ਕੰਡੇ, ਪੂਲਿਆਂ 'ਚ ਲੱਗੇ ਬੰਬੀਹਿਆਂ ਦੇ ਆਲ੍ਹਣੇ, ਵਣਾਂ ਦੀਆਂ ਖੁੱਡਾਂ 'ਚ ਤੋਤੀਆਂ ਦੇ ਬੱਚੜੇ, ਦੁਪਹਿਰ ਦੀਆਂ ਧੁੱਪਾਂ, ਤ੍ਰਿੰਞਣਾਂ 'ਚ ਕੁੜੀਆਂ ਦੇ ਗੀਤ, ਚਰਖਿਆਂ ਦੀ ਕੂਕ, ਢਲੀਆਂ ਸ਼ਾਮਾਂ ਦੀ ਮਹਿਕ, ਇਹ ਸਭ ਜੋ ਮਿੱਟੀ ਤੋਂ ਬਣੇ, ਤੇ ਜੋ ਮਿੱਟੀ ਵਿੱਚ ਰਲ਼ ਗਏ, ਇਹਨਾਂ ਦੇ ਪਿੰਡੇ ਦੀ ਖੁਸ਼ਬੂ ਤੇ ਹਵਾ ਦੇ ਕਣ-ਕਣ ਚੋਂ, ਜੋ ਮੈਨੂੰ ਅੱਖਰ, ਫਿਰ ਸ਼ਬਦ, ਫਿਰ ਕਵਿਤਾਵਾਂ ਤੇ ਜੋ ਇਹ ਗੀਤ ਮਿਲੇ, ਇਹ ਸਾਰੇ ਇੰਨ੍ਹਾਂ ਨੂੰ ਹੀ ਸਮਰਪਣ ਨੇ।

ਜਿੰਨ੍ਹਾਂ ਵਿੱਚ ਮੇਰੀ ਮਾਂ ਸਵ. ਸਰਬਜੀਤ ਕੌਰ, ਮੇਰਾ ਪਿਤਾ ਮਹਿੰਦਰ ਸਿੰਘ, ਮੇਰੀ ਦਾਦੀ ਪ੍ਰਸਿੰਨ ਕੌਰ, ਮੇਰਾ ਦਾਦਾ ਸਵ. ਦਲੀਪ ਸਿੰਘ, ਭਰਾ ਗੁਰਪ੍ਰੀਤ ਸਿੰਘ, ਮੇਰੇ ਚਾਚੇ ਮਿਸ਼ਰਾ, ਮੱਖਣ, ਲਾਲੀ, ਭਤੀਜੇ ਅਰਸ਼, ਜਗਦੀਪ, ਇੰਨ੍ਹਾਂ ਵਿੱਚ ਮੇਰੀ ਮੁਹੱਬਤ, ਮੇਰਾ ਘਰ, ਪਿੰਡ, ਸ਼ਹਿਰ, ਦੇਸ਼ ਤੇ ਮੇਰੇ ਦੋਸਤ ਸ਼ਾਮਿਲ ਹਨ।

ਸਰਬੱਤ ਦਾ ਭਲਾ

ਸਰਬੱਤ ਸ਼ਬਦ ਦਾ ਅਰਥ ਹੈ, ਸਰ+ਬੱਤ, ਸਾਰੀ ਦੁਨੀਆਂ, ਜਿਸ ਵਿੱਚ ਮਿੱਟੀ, ਰੁੱਖ, ਪਾਣੀ ਹਵਾ, ਅੱਗ ਆਦਿ ਤੋਂ ਜੀਵ ਜੰਤੂ ਮਨੁੱਖ ਦੀ ਹੋਂਦ ਹੋਈ। ਤੇ ਜਿਸ ਕਿਸੇ ਨੇ ਵੀ ਮਜ਼ਹਬ ਜਾਤ-ਪਾਤ, ਦੇਸ਼ ਕੌਮ ਤੇ ਪਰਮਾਤਮਾਂ ਨੂੰ ਇੱਕ ਸਮਝਿਆ, ਸਭ ਨੂੰ ਇੱਕ ਅੱਖ ਨਾਲ ਵੇਖਿਆ ਤੇ ਸਭ ਲਈ ਸਰਬੱਤ ਦਾ ਭਲਾ ਮੰਗਿਆ, ਤੇ ਸਭ ਦਾ ਭਲਾ ਕੀਤਾ ਤੇ ਜਿਸ ਨੇ ਸਭ ਨਾਲ ਪ੍ਰੇਮ ਕੀਤਾ, ਓਹੀ ਮਨੁੱਖ ਲਈ ਸਰਬੱਤ ਦਾ ਭਲਾ ਹੈ। ਸਰਬੱਤ ਦਾ ਭਲਾ ਮੰਗਣ ਵਾਲੇ ਮਨੁੱਖ ਦੇ ਇਹ ਗੁਣ ਹਨ। ਜੋ ਮਨੁੱਖ ਸਰਬੱਤ ਦਾ ਭਲਾ ਮੰਗਦਾ ਹੈ, ਉਹ ਨਿਸ਼ਕਾਮ ਸੇਵਾ ਕਰਦਾ ਹੈ, ਉਸ ਦਾ ਕਿਸੇ ਨਾਲ ਵੈਰ ਨਹੀਂ ਹੁੰਦਾ, ਉਹ ਕਿਸੇ ਦਾ ਵਿਰੋਧ ਨਹੀਂ ਕਰਦਾ। ਉਸ ਵਿੱਚ ਨਿਮਰਤਾ ਹੁੰਦੀ ਹੈ।

ਹਰ ਮਨੁੱਖ ਜਦੋਂ ਆਪਣੇ ਗੁਰੂ ਅੱਗੇ ਅਰਦਾਸ ਕਰਦਾ ਹੈ ਤਾਂ ਉਹ ਅਰਦਾਸ ਦੇ ਅਖ਼ੀਰ ਵਿੱਚ ਸਭ ਲਈ ਭਲਾ ਮੰਗਦਾ ਹੈ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ।

ਬਿਸਰ ਗਈ ਸਭ ਤਾਤਿ ਪਰਾਈ ॥ ਜਬ ਤੇ ਸਾਧਸੰਗਤਿ ਮੋਹਿ ਪਾਈ ॥੧॥ ਰਹਾਉ ॥

(ਹੇ ਭਾਈ ! ਜਦੋਂ ਤੋਂ ਮੈਂ ਗੁਰੂ ਦੀ ਸੰਗਤਿ ਪ੍ਰਾਪਤ ਕੀਤੀ ਹੈ, (ਤਦੋਂ ਤੋਂ) ਦੂਜਿਆਂ ਦਾ ਸੁਖ ਵੇਖ ਕੇ ਅੰਦਰੇ ਅੰਦਰ ਸੜਨ ਦੀ ਸਾਰੀ ਆਦਤ ਭੁੱਲ ਗਈ ਹੈ।)

ਨਾ ਕੈ ਬੈਰੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥ ੧੨੯੯

(ਹੇ ਭਾਈ ! ਹੁਣ ਮੈਨੂੰ ਕੋਈ ਵੈਰੀ ਨਹੀਂ ਦਿੱਸਦਾ, ਕੋਈ ਓਪਰਾ ਨਹੀਂ ਦਿੱਸਦਾ, ਸਭਨਾ ਨਾਲ ਮੇਰਾ ਪਿਆਰ ਬਣਿਆ ਹੋਇਆ ਹੈ।)

ਸਰਬੱਤ ਦਾ ਭਲਾ ਮੰਗਣ ਵਾਲੇ ਮਨੁੱਖ ਨੂੰ ਸਾਰੇ ਇੱਕ ਹੀ ਨਜ਼ਰ ਆਉਂਦੇ ਹਨ। ਉਹ ਕਿਸੇ ਨਾਲ ਵਿਤਕਰਾ ਨਹੀਂ ਕਰਦੇ। ਜਿਵੇਂ ਗੁਰੂ ਦੇ ਨਿਮਾਣੇ ਸਿੱਖ ਭਾਈ ਘਨ੍ਹੀਆ ਜੀ ਸਭ ਨੂੰ ਪਾਣੀ ਪਿਲਾਉਂਦੇ ਰਹੇ, ਮੱਲ੍ਹਮ ਪੱਟੀ ਕਰਦੇ ਰਹੇ, ਉਸ ਨੂੰ ਸਭ ਇੱਕ ਹੀ ਨਜ਼ਰ ਆ ਰਹੇ ਸੀ। ਉਹ ਸਭ ਦਾ ਭਲਾ ਕਰਦੇ ਰਹੇ ਤੇ ਨਿਸ਼ਕਾਮ ਸੇਵਾ ਕਰਦੇ ਰਹੇ ਤੇ ਸਭ ਲਈ ਹੀ ਅਰਦਾਸ ਕਰਦੇ ਰਹੇ।

ਅਰਦਾਸ: ਅਰਜ਼+ਦਾਸ਼ਤ ਤੋਂ ਬਣਿਆ ਇੱਕ ਸ਼ਬਦ ਹੈ। ਅਰਜ਼ ਦਾ ਅਰਥ ਬੇਨਤੀ ਕਰਨਾ ਤੇ ਦਾਸ਼ਤ ਦਾ ਅਰਥ ਹੈ ਪੇਸ਼ ਕਰਨਾ ਅਰਥਾਤ ਬੇਨਤੀ ਪੇਸ਼ ਕਰਨੀ। ਅਰਦਾਸ ਕਿਸੇ ਜੀਵ ਵੱਲੋਂ ਕੀਤੀ ਗਈ ਪਰਮਾਤਮਾ ਅੱਗੇ ਬੇਨਤੀ ਹੈ। ਕਿਸੇ ਦੁੱਖ ਸਮੇਂ, ਸੁੱਖ ਸਮੇਂ,

ਕਿਸੇ ਦੀ ਖੁਸ਼ੀ ਲਈ, ਕਿਸੇ ਦੀ ਗਮੀ ਲਈ, ਗੁਰੂ ਦਾ ਸਿੱਖ ਗੁਰੂ ਦੀ ਬਖਸ਼ਿਸ਼ ਲੈਣ ਲਈ ਅਰਦਾਸ ਕਰਦਾ ਹੈ। ਅਰਦਾਸ ਵਿੱਚ ਨਾਮ ਜਪਿਆ, ਵੰਡ ਕੇ ਛਕਿਆ, ਦੇਗ਼ ਚਲਾਈ, ਤੇਗ਼ ਵਾਹੀ, ਵੇਖਕੇ ਅਣਡਿੱਠ ਕੀਤਾ, ਉਸਦੇ ਭਾਣੇ ਨੂੰ ਮਿੱਠਾ ਕਰਕੇ ਮੰਨਿਆ। ਤੇ ਫਿਰ ਅਖ਼ੀਰ ਸਰਬੱਤ ਦਾ ਭਲਾ ਮੰਗਿਆ, ਨਾਮ ਦੀ ਦਾਤ ਮੰਗੀ...

ਜਿਵੇਂ ਇੱਕ ਵਾਰ ਰਸਤੇ ਵਿੱਚ ਇੱਕ ਬਜ਼ੁਰਗ ਬੈਠਾ ਸੀ ਜਿਸ ਦੇ ਫਟੇ ਪੁਰਾਣੇ ਕੱਪੜੇ, ਪੈਰਾਂ ਤੋਂ ਨੰਗਾ, ਭੱਦੀ ਜਿਹੀ ਹਾਲਤ ਤੇ ਜਿਸ ਤੋਂ ਤੁਰਿਆ ਨਹੀਂ ਸੀ ਜਾਂਦਾ, ਓਸੇ ਰਸਤੇ ਵਿੱਚੋਂ ਹਰ ਰੋਜ਼ ਇੱਕ ਮਨੁੱਖ ਗੁਜ਼ਰਦਾ ਤੇ ਆਪਣੇ ਗੁਰੂ ਦੇ ਘਰ ਜਾ ਕੇ ਅਰਦਾਸਾਂ ਕਰਦਾ, ਦੀਨ ਦੁਨੀਆਂ ਲਈ ਸਰਬੱਤ ਦਾ ਭਲਾ ਮੰਗਦਾ ਤੇ ਵਾਪਸ ਆ ਜਾਂਦਾ।

ਇੱਕ ਦਿਨ ਉਸ ਬਜ਼ੁਰਗ ਨੇ ਉਸ ਤੋਂ ਮਦਦ ਮੰਗੀ, ਕੁੱਝ ਖਾਣ ਦੀ ਕੁੱਝ ਪਹਿਣਨ ਦੀ ਪਰ ਉਸ ਮਨੁੱਖ ਨੇ ਬਜ਼ੁਰਗ ਵੱਲ ਕੋਈ ਧਿਆਨ ਨਾ ਦਿੱਤਾ, ਕਈ ਦਿਨਾਂ ਬਾਅਦ ਫਿਰ ਉਸ ਬਜ਼ੁਰਗ ਨੇ ਕਿਹਾ ਕੇ ਮੈਨੂੰ ਫੜ ਕੇ ਰਸਤੇ ਵਿੱਚੋਂ ਇੱਕ ਕਿਨਾਰੇ ਕਰ ਦੇਵੇ ਤਾਂ ਜੋ ਮੈਂ ਆਉਂਦੇ ਜਾਂਦੇ ਰਾਹੀਆਂ ਦੀ ਤਕਲੀਫ਼ ਨਾ ਬਣਾ। ਉਸ ਮਨੁੱਖ ਨੇ ਫਿਰ ਵੀ ਬਜ਼ੁਰਗ ਵੱਲ ਕੋਈ ਧਿਆਨ ਨਾ ਦਿੱਤਾ। ਕਈ ਦਿਨ ਲੰਘੇ। ਇੱਕ ਦਿਨ ਬਜ਼ੁਰਗ ਨੇ ਉਸ ਨੂੰ ਰੋਕ ਲਿਆ, ਪੁੱਛਿਆ ਤੂੰ ਕੀ ਕਰਦਾਂ, ਕਿੱਥੇ ਜਾਨਾ, ਅੱਗੋਂ ਉਸ ਦਾ ਜਵਾਬ ਸੀ ਮੈਂ ਆਪਣੇ ਗੁਰੂ ਦੇ ਘਰ ਜਾਨਾ ਤੇ ਦੀਨ ਦੁਨੀਆਂ ਲਈ ਸਭ ਦਾ ਭਲਾ ਮੰਗਦਾ, ਤਾਂ ਬਜ਼ੁਰਗ ਨੇ ਕਿਹਾ ਮੈਂ ਓਸ ਦੁਨੀਆਂ ਵਿੱਚੋਂ ਹੀ ਇੱਕ ਹਾਂ, ਕਿੰਨੇ ਦਿਨਾਂ ਤੋਂ ਮੈਂ ਆਪਣੇ ਲਈ ਮਦਦ ਮੰਗ ਰਿਹਾਂ, ਤੂੰ ਮੇਰਾ ਤੇ ਭਲਾ ਨਹੀਂ ਕੀਤਾ, ਪਤਾ ਨਹੀਂ ਉੱਥੇ ਜਾਕੇ ਤੂੰ ਕਿਹੜੇ ਲੋਕਾਂ ਲਈ ਅਰਦਾਸਾਂ ਕਰਦਾਂ ਤੇ ਕਿੰਨਾ ਲਈ ਸਰਬੱਤ ਦਾ ਭਲਾ ਮੰਗਦਾ। ਇਹ ਸਭ ਸੁਣਕੇ ਉਹ ਮਨੁੱਖ ਹੈਰਾਨ ਹੋ ਗਿਆ, ਤੇ ਉਸ ਫ਼ਕੀਰ ਬਜ਼ੁਰਗ ਤੋਂ ਮੁਆਫ਼ੀ ਮੰਗੀ, ਓਸੇ ਦਿਨ ਤੋਂ ਉਹ ਹੁਣ ਜੇ ਕਿਸੇ ਲਈ ਅਰਦਾਸ ਜਾ ਸਰਬੱਤ ਦਾ ਭਲਾ ਮੰਗਦਾ ਵੀ ਹੈ ਤਾਂ ਉਹ ਗਰੀਬ ਬੇ-ਸਹਾਰਾ ਲੋਕਾਂ ਦਾ ਭਲਾ ਵੀ ਕਰਦਾ ਹੈ। ਉਹ ਮਨੁੱਖ ਮੈਂ ਹੀ ਹਾਂ, ਭਲਾ ਮੰਗਿਆ ਤਾਂ ਸੀ ਪਰ ਕੀਤਾ ਨਹੀਂ, ਸਾਨੂੰ ਭਲਾ ਮੰਗਣ ਦੀ ਲੋੜ ਨਹੀਂ ਭਲਾ ਕਰਨ ਦੀ ਲੋੜ ਆ। ਆਪ ਤੇ ਆਪਣੇ ਬੱਚਿਆਂ ਨੂੰ ਭਲਾ ਮੰਗਣਾ ਨਹੀਂ ਭਲਾ ਕਰਨਾ ਸਿਖਾਓ, ਜਦ ਉਹ ਭਲਾ ਕਰਨਾ ਸਿੱਖ ਗਏ ਮੰਗਣਾ ਆਪਣੇ ਆਪ ਸਿੱਖ ਜਾਣਗੇ।

ਕਰੋ ਸਰਬੱਤ ਦਾ ਭਲਾ।

- ਪਰਮ ਨਿਮਾਣਾ

ਪਰਮ ਲਈ ਕੁੱਝ ਸ਼ਬਦ

ਪਰਮ ਨਿਮਾਣਾ ਮੇਰੇ ਬੇਹੱਦ ਪਸੰਦੀਦਾ ਸ਼ਾਇਰਾਂ ਅਤੇ ਗਵੱਈਆ ਵਿੱਚੋਂ ਇੱਕ ਹੈ। ਇਸਦਾ ਕਾਰਣ ਹੈ ਪਰਮ ਦਾ ਸ਼ਬਦਾਂ ਦੀ ਬਿਆਨਬਾਜ਼ੀ ਦਾ ਤਰੀਕਾ ਅਤੇ ਸਲੀਕਾ। ਪਰਮ ਦੇ ਗੀਤਾਂ ਅਤੇ ਕਵਿਤਾਵਾਂ ਵਿੱਚ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਜੋ ਪਿਆਰ ਹੈ ਉਹ ਪ੍ਰਤੱਖ ਰੂਪ ਵਿੱਚ ਦਿਖਾਈ ਦਿੰਦਾ ਹੈ। ਰਿਸ਼ਤਿਆਂ ਦੇ ਆਪਸੀ ਪਿਆਰ ਅਤੇ ਸਾਂਝ ਨੂੰ ਅਸੀ ਇਹਨਾਂ ਗੀਤਾਂ ਵਿੱਚੋਂ ਬੜੀ ਆਸਾਨੀ ਨਾਲ ਲੱਭ ਸਕਦੇ ਹਾਂ। ਇਹ ਰਿਸ਼ਤਾ ਭਾਵੇਂ ਮਾਂ-ਬਾਪ ਦਾ ਹੋਵੇ, ਭਾਵੇਂ ਪਤੀ-ਪਤਨੀ ਦਾ ਹੋਵੇ, ਭਾਵੇਂ ਭੈਣ-ਭਰਾ ਦਾ ਹੋਵੇ ਤੇ ਭਾਵੇਂ ਆਸ਼ਿਕ ਜਾਂ ਮਹਿਬੂਬ ਦਾ ਹੋਵੇ, ਇਹਨਾਂ ਰਿਸ਼ਤਿਆਂ ਦਾ ਜੋ ਨਿੱਘ ਪਰਮ ਦੀ ਕਲਮ ਦੀ ਬੁੱਕਲ ਵਿੱਚ ਹੈ ਉਹ ਸ਼ਾਇਦ ਹੀ ਕਿਤੇ ਹੋਰ ਹੋਵੇ। ਇਸਤੋਂ ਬਿਨਾਂ ਪਰਮ ਦੇ ਗੀਤਾਂ ਅਤੇ ਪਰਮ ਦੀ ਆਵਾਜ਼ ਦਾ ਜਦੋਂ ਕਿਤੇ ਸੁਮੇਲ ਬਣਦਾ ਹੈ ਤਾਂ ਸੁਨਣ ਵਾਲੇ ਦਾ ਅਸ਼-ਅਸ਼ ਕਰ ਉੱਠਣਾ ਕੋਈ ਵੱਡੀ ਗੱਲ ਨਹੀਂ ਹੈ। ਮੈਨੂੰ ਪੂਰੀ ਉੱਮੀਦ ਹੈ ਕਿ 'ਮੇਰੇ ਕਲੂਬ ਦੇ ਅਜ਼ਾਬ' ਤੋਂ ਬਾਅਦ ਆਪਣੀ ਇਸ ਦੂਸਰੀ 'ਕਿਤਾਬ' ਵਿੱਚ ਵੀ ਪਰਮ ਪਾਠਕਾਂ ਦੀਆਂ ਉਮੀਦਾਂ ਦੇ ਹਾਣ ਦਾ ਹੋਕੇ ਵਾਪਿਸ ਆਇਆ ਹੋਵੇਗਾ। ਮੈਂ ਪਰਮ ਅਤੇ ਇਸਦੇ ਸ਼ਬਦਾਂ ਦੀ ਲੰਬੀ ਉਮਰ ਅਤੇ ਹਰ ਹਾਲ ਖ਼ੈਰ ਦੀ ਦੁਆ ਕਰਦਾ ਹਾਂ।

- ਹਰਸ਼ ਬਦੇਸ਼ਾ (ਕੈਨੇਡਾ)
ਮੋ. +14377754486

ਮਨ ਜਦੋਂ ਸੱਭਿਆਚਾਰ ਨੂੰ ਪੜ੍ਹਨ ਦਾ ਹੋਵੇ ਤਾਂ ਮੇਰੇ ਮਨ 'ਚ ਸਭ ਤੋਂ ਪਹਿਲਾਂ ਨਾਮ ਪਰਮ ਨਿਮਾਣੇ ਦਾ ਆਉਂਦਾ ਹੈ। ਛੋਟੀ ਉਮਰ ਵਿੱਚ ਹੀ ਪੰਜਾਬ ਦੇ ਸੱਭਿਆਚਾਰ ਅਤੇ ਵਿਰਸੇ ਨਾਲ ਪਰਮ ਦੀ ਡੂੰਘੀ ਸਾਂਝ ਹੈ। ਇਹਦੀਆਂ ਲਿਖਤਾਂ ਵਿੱਚੋਂ ਪੰਜਾਬ ਦੀ ਮਿੱਟੀ ਦੀ ਖੁਸ਼ਬੂ ਆਉਂਦੀ ਹੈ। ਪੰਜਾਬ ਵਿੱਚ ਵੱਸਦੇ ਹਰ ਬੰਦੇ ਦਾ ਅਹਿਸਾਸ ਚਾਹੇ ਕਿਸਾਨੀ ਦਾ ਦਰਦ ਹੋਵੇ, ਚਾਹੇ ਫ਼ਸਲਾਂ ਦਾ ਚਾਅ ਹੋਵੇ, ਚਾਹੇ ਬਜ਼ੁਰਗਾਂ ਦੇ ਜੇਰੇ ਹੋਣ, ਚਾਹੇ ਕੁੜੀਆਂ ਦੀਆਂ ਸਦਰਾਂ ਜਾਂ ਫਿਰ ਨੌਜਵਾਨਾਂ ਦੇ ਕੱਚੇ-ਪੱਕੇ ਇਸ਼ਕ ਹੋਣ, ਇਹ ਸਭ ਪਰਮ ਦੀ ਕਲ਼ਮ ਦਾ ਹਿੱਸਾ ਹਨ। ਕਹਿੰਦੇ ਨੇ ਜਦੋਂ ਲਿਖਾਰੀ ਖੁਦ ਗਵੱਈਆ ਵੀ ਹੋਵੇ ਤਾਂ ਗੱਲ ਸੋਨੇ ਤੇ ਸੁਹਾਗੇ ਵਾਲੀ ਹੋ ਜਾਂਦੀ ਹੈ। ਪਰਮ ਦੀ ਅਵਾਜ਼ ਵਿੱਚ ਉਹ ਦਰਦ, ਉਹ ਅਪੀਲ ਹੈ ਜਿਹੜੀ ਲੋਕਾਂ ਦੇ ਦਿਲਾਂ ਵਿੱਚ ਬੜੇ ਆਰਾਮ ਨਾਲ ਜਗ੍ਹਾਂ ਬਣਾ ਲੈਂਦੀ ਹੈ। ਮੈਂ ਆਸ ਕਰਦਾ ਹਾਂ ਕਿ ਪਰਮ ਦੀ **'ਕਿਤਾਬ'** ਲੋਕਾਂ ਦੇ ਖੂਬ ਦਿਲ ਜਿੱਤੇਗੀ।

- ਗੁਰਪਾਲ ਸਿੰਘ ਬਰਾੜ
ਮੋ. 8728096309

ਤਤਕਰਾ

ਮੇਰਾ ਪਿੰਡ	੧
ਨਾਨਕ ਮੇਰਾ	੩
ਪੰਜਾਬੀ ਬੋਲੀ	੬
ਕੁੜੀਆਂ-1	੮
ਗੱਲ	੧੦
ਗੁਰੂ ਦੇ ਇਸ਼ਕ	੧੨
ਸਿੰਘ	੧੩
ਦਸਮੇਸ਼	੧੫
ਜਰਨੈਲ	੧੬
ਜੋਸ਼	੧੮
ਪੰਜਾਬ-1	੧੯
ਸਾਕਾ	੨੦
ਆਜ਼ਾਦੀ	੨੨
ਲੋਹੜੀ	੨੪
ਮਾਂ ਦੀ ਪੁਕਾਰ	੨੫
ਵਿਹੜੇ ਵਿੱਚ	੨੭
ਵੀਰ	੨੮
ਆਹੀ ਮੇਰਾ ਪਿੰਡ	੨੯
ਬਲਦਾਂ ਦੀ ਜੋੜੀ	੩੧
ਬਾਪੂ	੩੩
ਕੰਲਗੀਆਂ ਵਾਲੇ	੩੫
ਕੁਦਰਤ	੩੭
ਚੋਜੀ ਪ੍ਰੀਤਮ	੩੯
ਕੁੜੀਆਂ-2	੪੧
ਤੀਆਂ ਤੀਜ ਦੀਆਂ	੪੩
ਢੱਕ	੪੫
ਮਿੱਟੀ	੪੭
ਬੇਬੇ	੪੯
ਮਾਂ	੫੧
ਸਖੀਆਂ	੫੪
ਅਸੀਸ	੫੫
ਮੇਲੇ	੫੭
ਗੱਲ ਪਿੰਡਾਂ ਦੀ	੬੦
ਤਰਪਾਈਆਂ	੬੧
ਕੂੰਜਾਂ	੬੨
ਸਾਂਝੀ	੬੩
ਸਵੈਟਰ	੬੫
ਭੈਣੇ ਮੇਰੀਏ	੬੬
ਪੰਜਾਬ-2	੬੮
ਬਾਬੇ	੬੯
ਕਮਾਈਆਂ	੭੦
ਬਲਦ	੭੨
ਇਨਸਾਫ਼	੭੪
ਚੁੱਲਾ	੭੫
ਕਰੀਰਾਂ ਦੀ ਮਹਿਕ	੭੭
ਮਿਠੜੇ ਬੋਲ	੭੯
ਧੀਆਂ	੮੧
ਕਿੱਕਰਾਂ ਦੇ ਫੁੱਲ	੮੩
ਆਲ੍ਹਣੇ	੮੫
ਜ਼ਿੰਦਗੀ	੮੭
ਬੋਤਾ	੮੮
ਹਾਸੇ	੯੦
ਵਣਜਾਰੇ	੯੨
ਟੱਪੇ	੯੪
ਮਹਿਬੂਬ	੯੫
ਸੂਹਾ ਕੁੜਤਾ	੯੭

ਮੇਰਾ ਪਿੰਡ

ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ,

ਬੁੱਢੇ ਹੋਣ ਬਾਪੂ ਚਾਹੇ ਸ਼ੇਰਾਂ ਜਹੀ ਤੋਰ ਹੋਵੇ।
ਚਿੱਟੇ-ਚਿੱਟੇ ਦਾੜਿਆਂ ਨੂੰ ਵੇਖਕੇ ਮੈਂ ਖੁਸ਼ ਹੋਵਾਂ,
ਪਾਏ ਹੋਣ ਚਾਦਰੇ, ਪੱਟਾਂ ਉੱਤੇ ਮੋਰ ਹੋਵੇ।

ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ
ਪਿੱਪਲਾਂ ਦੀ ਛਾਂ ਥੱਲੇ ਖੁਸ਼ੀ ਵਾਲਾ ਰੰਗ ਹੋਵੇ,
ਹਰ ਘਰ ਚਾਵਾਂ ਨਾਲ ਚੁੱਲਿਆਂ 'ਚ ਅੱਗ ਪਵੇ,
ਪੱਕੇ ਜਿੱਥੇ ਰੋਟੀ ਸਦਾ ਬਾਪੂ ਨਾ ਕੋਈ ਤੰਗ ਹੋਵੇ।

ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ,
ਕੱਚੇ ਹੋਣ ਘਰ ਭਾਵੇਂ ਪੱਕੇ ਹਾਏ ਕਰਾਰ ਹੋਣ,
ਵਿਹੜਿਆਂ 'ਚ ਧੁੱਪ ਰਹੇ ਸਦਾ ਹੀ ਬਹਾਰ ਆਵੇ,
ਸੱਸਾਂ ਨੂੰਹਾਂ ਇੱਕ ਤੇ ਭਾਈਆਂ 'ਚ ਪਿਆਰ ਹੋਣ।

ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ,
ਬਲਦਾਂ ਦਾ ਧੌਣ ਉੱਤੇ ਗੱਡੇ ਜਿੱਥੇ ਜੋੜੇ ਹੋਣ,
ਮੱਝਾਂ ਵਾਲੀ ਢਾਬ ਕੋਲ ਪੁੱਟਿਆ ਕੁਹਾਰ ਹੋਵੇ,
ਘੁਮਿਆਰੀ ਨੇ ਹਾਏ ਚੱਕ ਉੱਤੇ ਪੱਥੇ ਜਿੱਥੇ ਤੌੜੇ ਹੋਣ।

ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ,
ਖੂਹਾਂ ਦੀਆਂ ਟਿੰਡਾਂ ਵਿੱਚ ਭਰਿਆ ਹਾਏ ਪਾਣੀ ਹੋਵੇ,
ਥੱਕਿਆ ਕੋਈ ਦੂਰੋਂ ਆਵੇ ਦਮ ਲਵੇ ਖੂਹ ਤੇ ਆਕੇ,
ਪਿਆਰ ਨਾ ਪਿਲਾਵਾਂ ਪਾਣੀ ਜੇ ਓ ਮੇਰਾ ਹਾਣੀ ਹੋਵੇ।

ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ,
ਗੁਰੂ ਘਰ, ਮੰਦਰ, ਚਰਚ, ਮਸੀਤ ਜਿੱਥੇ ਚਾਰੇ ਹੀ ਦਿਸ਼ਾਵਾਂ ਹੋਣ,
ਇੱਕ ਹੀ ਹੈ ਰੱਬ ਸਾਡਾ ਇੱਕ ਹੀ ਜਿਸਮ ਹੈ,
ਇੱਕ ਹੀ ਧਰਤ ਸਾਡੀ ਫੇਰ ਇੱਕੋ ਜਹੀਆਂ ਰਾਹਵਾਂ ਹੋਣ।

ਇਹੋ ਜਿਹਾ ਹੋਵੇ ਮੇਰਾ ਪਿੰਡ ਮਿੱਤਰਾ,
ਕੁੜੀਆਂ ਦੇ ਸਿਰਾਂ ਉੱਤੇ ਖੁਸ਼ੀਆਂ ਦਾ ਤਾਜ ਹੋਵੇ,
ਮਾਪੇ ਜਿੰਨਾਂ ਦੇ ਦੇਣ, ਉਨ੍ਹੇ ਤੇ ਸਬਰ ਕਰੋ,
ਪਰਮ ਦਾ ਖ਼ਿਆਲ ਏਹੀ ਨਾ ਦਾਜ ਦਾ ਰਿਵਾਜ ਹੋਵੇ।

ਨਾਨਕ ਮੇਰਾ

ਇਹ ਨਾਨਕ ਮੇਰਾ।

ਗ੍ਰੰਥਾਂ 'ਚ ਵੀ ਹੈ,
ਕੁਰਾਨਾਂ 'ਚ ਵੀ ਹੈ।
ਮਿੱਟੀ 'ਚ ਵੀ ਹੈ,
ਅਸਮਾਨਾਂ 'ਚ ਵੀ ਹੈ
ਕਬਰਾਂ 'ਚ ਵੀ ਹੈ,
ਸਮਸ਼ਾਨਾਂ 'ਚ ਵੀ ਹੈ।

ਇਹ ਨਾਨਕ ਮੇਰਾ

ਧੁੱਪਾਂ 'ਚ ਵੀ ਹੈ,
ਚੁੱਪਾਂ 'ਚ ਵੀ ਹੈ।
ਰੁੱਖਾਂ 'ਚ ਵੀ ਹੈ,
ਰੁੱਤਾਂ 'ਚ ਵੀ ਹੈ।
ਦੁੱਖਾਂ 'ਚ ਵੀ ਹੈ,
ਸੁੱਖਾਂ 'ਚ ਵੀ ਹੈ।

ਇਹ ਨਾਨਕ ਮੇਰਾ

ਮੱਕੇ ‘ਚ ਵੀ ਹੈ,
ਪਾਕਿ ‘ਚ ਵੀ ਹੈ।
ਪੇਸ਼ਾਵਰ ‘ਚ ਵੀ ਹੈ,
ਈਰਾਕ ‘ਚ ਵੀ ਹੈ।
ਦਿਨ ‘ਚ ਵੀ ਹੈ,
ਰਾਤ ‘ਚ ਵੀ ਹੈ।

ਇਹ ਨਾਨਕ ਮੇਰਾ

ਪਰਬਤਾਂ ‘ਚ ਵੀ ਹੈ,
ਪਾਣੀਆਂ ‘ਚ ਵੀ ਹੈ।
ਬੇਲਿਆਂ ‘ਚ ਵੀ ਹੈ,
ਟਾਣੀਆਂ ‘ਚ ਵੀ ਹੈ।
ਕਿੱਸਿਆਂ ‘ਚ ਵੀ ਹੈ,
ਕਹਾਣੀਆਂ ‘ਚ ਵੀ ਹੈ।

ਇਹ ਨਾਨਕ ਮੇਰਾ

ਧੁੱਪਾਂ ‘ਚ ਵੀ ਹੈ,
ਛਾਵਾਂ ‘ਚ ਵੀ ਹੈ।
ਮੰਜਿਲਾਂ ‘ਚ ਵੀ ਹੈ,
ਰਾਹਵਾਂ ‘ਚ ਵੀ ਹੈ।
ਗ਼ਜ਼ਲਾਂ ‘ਚ ਵੀ ਹੈ,
ਕਵਿਤਾਵਾਂ ‘ਚ ਵੀ ਹੈ
ਦਲਾਸਿਆਂ ‘ਚ ਵੀ ਹੈ,
ਦੁਆਵਾਂ ‘ਚ ਵੀ ਹੈ।
ਇਹ ਭੈਣਾਂ ‘ਚ ਵੀ ਹੈ,
ਮਾਂਵਾਂ ‘ਚ ਵੀ ਹੈ।

ਇਹ ਨਾਨਕ ਮੇਰਾ

ਇਹ ਸੂਰਜਾਂ ‘ਚ ਵੀ ਹੈ,
ਤਾਰਿਆਂ ‘ਚ ਵੀ ਹੈ।
ਇਹਨਾ ਦਾ ਆਸਰਾ ਏ,
ਇਹ ਸਹਾਰਿਆਂ ‘ਚ ਵੀ ਹੈ।
ਮਿੱਠੀਆਂ ਝੀਲਾਂ ‘ਚ ਵੀ ਹੈ,
ਸਮੁੰਦਰਾਂ ਖਾਰਿਆਂ ‘ਚ ਵੀ ਹੈ।
ਫੁੱਲਾਂ ਹੌਲਿਆਂ ‘ਚ ਵੀ ਹੈ,
ਪਰਬਤਾਂ ਭਾਰਿਆਂ ‘ਚ ਵੀ ਹੈ।

ਇਹ ਨਾਨਕ ਮੇਰਾ

ਪੰਜਾਬੀ ਬੋਲੀ

ਅਸੀਂ ਅੰਗਰੇਜ਼ੀ ਸਿੱਖੇ ਨਈਂ,
ਅਸੀਂ ਪੰਜਾਬੀ ਜਾਣਦੇ ਹਾਂ।
ਅਸੀਂ ਗੋਦ ਚ ਬਹਿਕੇ ਊੜੇ ਦੇ,
ਉਹਦਾ ਨਿੱਘ ਵੀ ਮਾਣਦੇ ਹਾਂ।

ਅਸੀਂ ਸੱਸੇ ਤੋਂ ਸਿੱਖਿਆ,
ਸਤਿਕਾਰ ਕਰਨਾ ਜੀ।
ਸਾਨੂੰ ਪੱਪਾ ਪੜ੍ਹਾ ਗਿਆ,
ਪਿਆਰ ਕਰਨਾ ਜੀ।

ਕਦੀ ਕਰਾਰਾਂ ਦੇ ਕੱਕੇ,
ਅਸੀਂ ਝੂਠੇ ਕੀਤੇ ਨਾ।
ਅਸੀਂ ਜਜ਼ਬਾਤਾਂ ਦੇ ਜੱਜੇ,
ਕਦੀ ਜੂਠੇ ਪੀਤੇ ਨਾ।

ਅਸੀਂ ਦੱਦੇ ਵਰਗੇ ਸੱਜਣ,
ਦਿਲਦਾਰ ਬਣਾਏ ਸੀ।
ਸਾਨੂੰ ਧੱਦੇ ਧੋਖੇ ਦੇ ਗਏ,
ਨਾ ਜਿੰਨ੍ਹਾਂ ਕੌਲ ਨਿਭਾਏ ਸੀ।

ਛੱਡ ਗਰੂਰਾਂ ਵਾਲੇ ਗੱਗੇ,
ਹੁਣ ਗੁਰੂਆਂ ਨਾਲ ਜੁੜ ਗਏ ਆਂ।
ਛੱਡ ਭੜਕਣ ਵਾਲੇ ਭੱਬੇ,
ਚੰਗੀਆਂ ਰਾਹਾਂ ਵੱਲ ਮੁੜ ਗਏ ਆਂ।

ਕੁੜੀਆਂ-1

ਇਹ ਕੁੜੀਆਂ ਤਾਂ ਚਿੜੀਆਂ ਹੁੰਦੀਆਂ,
ਘਰ ਪਰਾਏ ਉੱਡ ਜਾਣਾ।
ਕੁੱਝ ਦਿਨ ਚੁਗਕੇ ਚੋਗਾ ਬਾਬਲ,
ਅਸਾਂ ਤਾਂ ਮਾਏ ਉੱਡ ਜਾਣਾ।

ਉਹ ਕਰਮਾਂ ਵਾਲੇ ਹੁੰਦੇ ਵਿਹੜੇ,
ਜਿੰਨ੍ਹਾਂ ਘਰ ਧੀਆਂ ਆਉਂਦੀਆਂ ਨੇ।
ਇਹ ਚੁੱਕ ਕੇ ਲੀਰਾਂ ਰਾਹਾਂ ਚੋਂ,
ਫਿਰ ਦਾਜ ਬਣਾਉਂਦੀਆਂ ਨੇ।
ਕੋਈ ਮਾਰੇ ਨਾ ਸਾਨੂੰ ਇੱਥੇ,
ਅਸਾਂ ਵਾਂਗ ਹਵਾ ਦੇ ਉੱਡ ਜਾਣਾ।

ਘਰ ਆਪਣੇ ਨੂੰ ਸਾਂਭ ਲਵੀਂ,
ਮੈਂ ਜਿੱਥੇ ਤਾਣੇ ਬੁਣਦੀ ਸੀ।
ਕਦੀ ਕਦੀ ਭਰਜਾਈਆਂ ਤੋਂ,
ਝਿੜਕਾਂ ਵੀ ਸੁਣਦੀ ਸੀ।
ਉਦਾਸ ਜੇ ਦਿਲ ਨੂੰ ਲੈਕੇ ਫਿਰ,
ਮੈਂ ਚਾਏ ਚਾਏ ਉੱਡ ਜਾਣਾ।

ਮੈਂ ਗਲ ਲੱਗਕੇ ਰੋਣਾ ਬਾਬਲ ਦੇ,
ਜਦ ਛੱਡ ਜਾਣਾ ਘਰ ਤੇਰਾ ਨੀ।
ਆਖ ਦੇਵੀਂ ਤੂੰ ਵੀਰ ਮੇਰੇ ਨੂੰ,
ਹੁਣ ਕਦੀ ਵੱਜੂ ਸਬੱਬੀ ਗੇੜਾ ਨੀ।
ਮਾਂ, ਸਖੀਆਂ, ਬਾਬਲ, ਵੀਰੇ,
ਛੱਡ ਚਾਚੇ ਤਾਏ ਉੱਡ ਜਾਣਾ।

ਇਹ ਕੁੜੀਆਂ ਤਾਂ ਚਿੜੀਆਂ ਹੁੰਦੀਆਂ,
ਘਰ ਪਰਾਏ ਉੱਡ ਜਾਣਾ।
ਕੁੱਝ ਦਿਨ ਚੁਗਕੇ ਚੋਗਾ ਬਾਬਲ,
ਅਸਾਂ ਤਾਂ ਮਾਏ ਉੱਡ ਜਾਣਾ।

ਗੱਲ

ਨਾ ਭਾਈਆਂ ਚ ਪਿਆਰ,
ਇੱਥੇ ਸਤਿਕਾਰ ਵੀ ਮੁੱਕ ਗਏ ਨੇ।
ਪਿੰਡ ਮੇਰੇ ਦੇ ਚੋਬਰ ਗੱਭਰੂ,
ਖ਼ੌਰੇ ਕਿੱਥੇ ਲੁੱਕ ਗਏ ਨੇ।

ਨਿੱਕੇ ਨਿਆਣੇ ਜਵਾਨ ਸਿਆਣੇ,
ਤੇ ਗੱਲ ਵੱਡਿਆਂ ਦੀ ਕਰਦਾ ਹਾਂ।
ਜੋ ਭੁੱਲ ਗਏ ਹਲ਼ ਪੰਜਾਲੀ,
ਮੈਂ ਗੱਲ ਗੱਡਿਆਂ ਦੀ ਕਰਦਾਂ ਹਾਂ।

ਉਹਦਾ ਚੇਤਾ ਭੁੱਲਦਾ ਨਾ,
ਮੈਂ ਜਿਸ ਮਿੱਟੀ ਨਾਲ ਜੁੜਿਆ ਸੀ।
ਜਦੋਂ ਯਾਦ ਆਈ ਮੈਨੂੰ ਪਿੰਡਾਂ ਦੀ,
ਮੈਂ ਓਸੇ ਪਲ਼ ਹੀ ਮੁੜਿਆ ਸੀ।

ਜਿੱਥੇ ਗਈ ਬੀਤ ਜਵਾਨੀ,
ਮੈਂ ਗੱਲ ਪਿੰਡਾਂ ਦੀ ਕਰਦਾ ਹਾਂ।
ਜੋ ਭੁੱਲ ਗਏ ਖੂਹਾਂ ਦਾ ਪਾਣੀ,
ਮੈਂ ਗੱਲ ਟਿੰਡਾਂ ਦੀ ਕਰਦਾ ਹਾਂ।

ਉਹ ਕਦੀ ਨੀ ਭੁੱਲੀ ਜਾਣੀ,
ਜੋ ਬੀਜੀ ਕਣਕ ਹਲੀਰੀ ਨਾਲ।
ਇਕ ਕੱਠਿਆਂ ਬੈਠਕੇ ਬੰਬੀ ਤੇ,
ਚਾਹ ਪੀਤੀ ਸੀਰੀ ਨਾਲ।

ਕਸੀਏ, ਚੌ, ਰੰਬੇ, ਲਾਸਾਂ,
ਮੈਂ ਗੱਲ ਕਹੀਆਂ ਦੀ ਕਰਦਾ ਹਾਂ।
ਜੋ ਭੁੱਲ ਗਏ ਨੇ ਪਗਡੰਡੀਆਂ,
ਮੈਂ ਗੱਲ ਪਹੀਆਂ ਦੀ ਕਰਦਾ ਹਾਂ।

ਗੁਰੂ ਦੇ ਇਸ਼ਕ

ਖੰਡੇ, ਢਾਲ, ਤਲਵਾਰਾਂ,
ਸਿੰਘ ਸੀਗੇ ਥੋੜੇ,
ਦੁਸ਼ਮਣ ਵਿੱਚ ਹੀ ਹਜਾਰਾਂ।
ਕੌਣ ਕਹਿੰਦਾ ਸਿੰਘ ਕੱਲੇ,
ਗੋਬਿੰਦ ਨਾਲ ਹੁੰਦੇ ਸੀ।
ਆ ਮੇਰੇ ਗੁਰੂ ਦੇ ਇਸ਼ਕ ਵੀ ਕਮਾਲ ਹੁੰਦੇ ਸੀ।

ਪੜ੍ਹ ਚੰਡੀ ਦੀ ਵਾਰ
ਸਿੰਘ ਲਾਉਂਦੇ ਸੀ ਜੈਕਾਰੇ,
ਦੂਣਾ ਜੋਸ਼ ਆ ਜਾਂਦਾ
ਜਦੋਂ ਵੱਜਦੇ ਨਗਾਰੇ।
ਵੇਖ ਜੋਧਿਆਂ ਨੂੰ ਰਣ ਵਿੱਚ,
ਦਸਮੇਸ਼ ਬੜੇ ਹੀ ਨਿਹਾਲ ਹੁੰਦੇ ਸੀ।
ਆ ਮੇਰੇ ਗੁਰੂ ਦੇ ਇਸ਼ਕ ਵੀ ਕਮਾਲ ਹੁੰਦੇ ਸੀ।

ਰਹਿਗੇ ਗੜ੍ਹੀ ਵਿੱਚ ਜੋੜੇ,
ਪਏ ਗਏ ਸਿਰਸਾ ਵਿਛੋੜੇ।
ਨਾ ਸਿਰ ਉੱਤੇ ਤਾਜ,
ਨਾ ਗੁਰੂ ਦਾ ਸ਼ਾਹੀ ਬਾਜ।
ਓਹੀ ਜਾਣਦੇ ਨੇ ਸਿੰਘ ਜਿਹੜੇ ਨਾਲ ਹੁੰਦੇ ਸੀ।
ਆ ਮੇਰੇ ਗੁਰੂ ਦੇ ਇਸ਼ਕ ਵੀ ਕਮਾਲ ਹੁੰਦੇ ਸੀ।

ਸਿੰਘ

ਦੋ ਪਿਲਾ ਘੁੱਟਾਂ ਅੰਮ੍ਰਿਤ ਦੀਆਂ,
ਐਨਾ ਜੋਸ਼ ਭਰ ਦਿੱਤਾ ਸੀ।
ਦੇਕੇ ਥਾਪੜਾ ਗੋਬਿੰਦ ਨੇ,
ਸਿੰਘਾਂ ਨੂੰ ਸ਼ੇਰਾਂ ਜਹੇ ਕਰ ਦਿੱਤਾ ਸੀ।

ਇਹ ਖੰਡੇ ਕੇਸਰੀ ਰੰਗ ਨੀਲੇ,
ਜੋ ਦਸਤਾਰ ਸਜਾਉਂਦੇ ਨੇ।
ਮੈਨੂੰ ਅੱਜ ਵੀ ਨਗਰੀ ਗੋਬਿੰਦ ਦੀ 'ਚ,
ਉਹ ਸਿੰਘ ਨਜ਼ਰ ਪਏ ਆਉਂਦੇ ਨੇ।

ਕਿੱਥੋਂ ਆਇਆ ਜੋਸ਼ ਐਨਾ,
ਵਿੱਚ ਗੁਰੂ ਦੀਆਂ ਫੌਜਾਂ ਦੇ।
ਸਦਾ ਹੀ ਚੜ੍ਹਦੀ ਕਲਾ ਵਿੱਚ ਰਹਿੰਦੇ,
ਸਿੰਘ ਆਪਣੀਆਂ ਮੌਜਾਂ ਦੇ।

ਢਾਡੀ ਹੋਣ ਕਵੀਸ਼ਰ ਭਾਵੇਂ,
ਤੇ ਜੋ ਵਾਰਾਂ ਗਾਉਂਦੇ ਨੇ।
ਮੈਨੂੰ ਅੱਜ ਵੀ ਨਗਰੀ ਗੋਬਿੰਦ ਦੀ 'ਚ,
ਉਹ ਸਿੰਘ ਨਜ਼ਰ ਪਏ ਆਉਂਦੇ ਨੇ।

ਕਿਤਾਬ

ਅਣਖੀ ਜੋਧੇ ਸੂਰਮੇ,
ਬੜੇ ਦੁੱਖ ਸਹਾਰ ਗਏ।
ਮੇਰੇ ਸਤਿਗੁਰ ਦੇ ਲਈ,
ਸਿੰਘ ਸੂਰੇ ਜਾਨਾਂ ਵਾਰ ਗਏ।

ਜੋ ਵਿੱਚ ਗੜ੍ਹੀ ਸ਼ਹਾਦਤ ਪਾਵੇ,
ਉਸ ਲਈ ਜੈਕਾਰੇ ਲਾਉਂਦੇ ਨੇ।
ਮੈਨੂੰ ਅੱਜ ਵੀ ਨਗਰੀ ਗੋਬਿੰਦ ਦੀ 'ਚ,
ਉਹ ਸਿੰਘ ਨਜ਼ਰ ਪਏ ਆਉਂਦੇ ਨੇ।

ਦਸਮੇਸ਼

ਗੋਬਿੰਦ ਦੇ ਫ਼ਰਜੰਦ ਕਿੱਥੇ ਨੇ,
ਨੀਹਾਂ ਤੇ ਸਰਹੰਦ ਕਿੱਥੇ ਨੇ,
ਭੰਗਾਣੀਆਂ ਦੇ ਉਹ ਜੰਗ ਕਿੱਥੇ ਨੇ,
ਜਿੱਥੇ ਪੀਰ ਬੁੱਧੂ ਸ਼ਾਹ ਨੇ,
ਦੋ ਪੁੱਤਰ ਦਿੱਤੇ ਵਾਰ ਸੀ।
ਆਪਣੇ ਹੀ ਲਾਲਾਂ ਵਾਂਗ,
ਦਸਮੇਸ਼ ਦਾ ਸਿੰਘਾਂ ਨਾਲ ਪਿਆਰ ਸੀ।

ਮੁਕਤਸਰ ਖਿਦਰਾਣਾ ਕਿੱਥੇ,
ਬਿਧੀ ਚੰਦ ਜਰਵਾਣਾ ਕਿੱਥੇ,
ਔਰੰਗੇ ਦਾ ਠਿਕਾਣਾ ਕਿੱਥੇ,
ਲਿਖਕੇ ਹਾਏ ਜ਼ਫ਼ਰਨਾਮਾ,
ਪਾਈ ਫਿਟਕਾਰ ਸੀ।
ਆਪਣੇ ਹੀ ਲਾਲਾਂ ਵਾਂਗ,
ਦਸਮੇਸ਼ ਦਾ ਸਿੰਘਾਂ ਨਾਲ ਪਿਆਰ ਸੀ।

ਦੱਸੋ ਚਮਕੌਰ ਕਿੱਥੇ,
ਮੇਰਾ ਓ ਲਾਹੌਰ ਕਿੱਥੇ,
ਕਿਰਤਾਂ ਦਾ ਦੌਰ ਕਿੱਥੇ,
ਵੰਡਕੇ ਦੋ ਪਾਸੇ ਕਰਤੇ,
ਫੇਰ ਦਿੱਤੀ ਤਾਰ ਸੀ।
ਆਪਣੇ ਹੀ ਲਾਲਾਂ ਵਾਂਗ,
ਦਸਮੇਸ਼ ਦਾ ਸਿੰਘਾਂ ਨਾਲ ਪਿਆਰ ਸੀ।

ਜਰਨੈਲ

ਕੀਤੇ ਜ਼ੁਲਮ ਹਕੂਮਤ ਨੇ
ਕਈ ਵਾਰ ਹਰਮਿੰਦਰ ਢਾਹੇ।
ਓਦੋਂ ਸਿੰਘ ਨਿਰਦੋਸ਼ ਬੜੇ,
ਤੈਂ ਕਈ ਲਾ ਦਿੱਤੇ ਸੀ ਢਾਹੇ।

ਤੈਥੋਂ ਭੱਜਿਆ ਨੀ ਸੀ ਜਾਣਾ,
ਪਏ ਸਿੰਘਾਂ ਦੇ ਘੇਰੇ ਤੋਂ।
ਜੇ ਅੱਜ ਹੁੰਦਾ ਜਰਨੈਲ ਮੇਰਾ,
ਬਦਲਾ ਲੈ ਲੈਣਾ ਸੀ ਤੇਰੇ ਤੋਂ।

ਕਰਕੇ ਜ਼ੁਲਮ ਮਜ਼ਲੂਮਾਂ ਤੇ,
ਤੂੰ ਦੱਸ ਕਿਹੜੇ ਬੰਗਲੇ ਪਾ ਲਏ।
ਏ ਗੱਲ ਯਾਦ ਰੱਖੀ ਤੂੰ ਦਿੱਲੀਏ,
ਇੱਕ ਦਿਨ ਲੱਗ ਜਾਣੇ ਤੈਨੂੰ ਤਾਲੇ।

ਤੂੰ ਵੀ ਵਿਧਵਾ ਹੋਜੇਂਗੀ,
ਨਾ ਪਹਿਚਾਣ ਆਉਣੀ ਫਿਰ ਚਿਹਰੇ ਤੋਂ।
ਜੇ ਅੱਜ ਹੁੰਦਾ ਜਰਨੈਲ ਮੇਰਾ,
ਬਦਲਾ ਲੈ ਲੈਣਾ ਸੀ ਤੇਰੇ ਤੋਂ।

ਤੂੰ ਵੀ ਰੋਇਆ ਕਰੇਂਗੀ ਨੀ,
ਉਹਨਾਂ ਰਾਹਾਂ ਦੇ ਉੱਤੇ ਜਾਕੇ।
ਤੂੰ ਜਿੱਥੇ ਪੁੱਤ ਫੂਕਤੇ ਸੀ,
ਜਿਉਂਦੇ ਟੈਰ ਗਲ਼ਾਂ ਵਿੱਚ ਪਾਕੇ।

ਤੇਰੇ ਕਿਲੇ ਖੰਡਰ ਹੋ ਜਾਣੇ,
ਇਹ ਗੱਲ ਸੁਣਲੈ ਮੇਰੇ ਤੋਂ।
ਜੇ ਅੱਜ ਹੁੰਦਾ ਜਰਨੈਲ ਮੇਰਾ,
ਬਦਲਾ ਲੈ ਲੈਣਾ ਸੀ ਤੇਰੇ ਤੋਂ।

ਜੋਸ਼

ਸਿੰਘਾਂ ਦੀਆਂ ਜੁਬਾਨਾਂ ਚ ਜੋਸ਼,
ਸਿੰਘਾਂ ਦੀਆਂ ਕਿਰਪਾਨਾਂ ਚ ਜੋਸ਼।
ਇੰਨ੍ਹਾਂ ਦੇ ਹਥਿਆਰਾਂ ਚ ਜੋਸ਼,
ਇੰਨ੍ਹਾਂ ਦੀਆਂ ਦਸਤਾਰਾਂ ਚ ਜੋਸ਼।

ਸਿੰਘਾਂ ਦੇ ਬਾਣਿਆਂ ਚ ਜੋਸ਼,
ਸਿੰਘਾਂ ਦੀਆਂ ਬਾਣੀਆਂ ਚ ਜੋਸ਼,
ਇੰਨ੍ਹਾਂ ਦੇ ਇਤਿਹਾਸ ਚ ਜੋਸ਼,
ਇੰਨ੍ਹਾਂ ਦੀਆਂ ਕੁਰਬਾਨੀਆਂ ਚ ਜੋਸ਼।

ਸਿੰਘਾਂ ਦਿਆਂ ਜ਼ਜ਼ਬਿਆਂ ਚ ਜੋਸ਼,
ਸਿੰਘਾਂ ਦੀਆਂ ਸ਼ਹਾਦਤਾਂ ਚ ਜੋਸ਼।
ਇੰਨ੍ਹਾਂ ਦੇ ਜੈਕਾਰਿਆਂ ਚ ਜੋਸ਼,
ਇੰਨ੍ਹਾਂ ਦੀਆਂ ਈਬਾਦਤਾਂ ਚ ਜੋਸ਼।

ਸਿੰਘਾਂ ਦੀ ਫ਼ਤਿਹ ਚ ਜੋਸ਼,
ਸਿੰਘਾਂ ਦੇ ਝੰਡਿਆਂ ਚ ਜੋਸ਼।
ਇੰਨ੍ਹਾਂ ਦੀਆਂ ਢਾਲਾਂ ਚ ਜੋਸ਼,
ਇੰਨ੍ਹਾਂ ਦੇ ਖੰਡਿਆਂ ਚ ਜੋਸ਼।

ਪੰਜਾਬ-1

ਕਿੱਥੇ ਗਏ ਉਹ ਗੱਡੇ,
ਕਿੱਥੇ ਬਲਦ ਉਹ ਬੱਗੇ ਜੀ।
ਸਭ ਕੁੱਝ ਬਦਲ ਗਿਆ ਇੱਥੇ,
ਨਾ ਉਹ ਖੱਦਰ ਦੇ ਝੱਗੇ ਜੀ।

ਕਹੀਆਂ ਤੇ ਪਹੀਆਂ ਯਾਦ ਮੇਰੇ,
ਮੈਂ ਪਿੰਡ ਲੰਘੇ ਕਈ ਸ਼ਹਿਰ ਲੰਘੇ।
ਅੱਜ ਪੈਰ ਮੇਰੇ ਚੁੰਮਦੇ ਰੇਤ ਉਹ,
ਜਿੱਥੋਂ ਬਲਦਾਂ ਦੇ ਪੈਰ ਲੰਘੇ।

ਖਾਲ਼ਾਂ ਦੇ ਵਿੱਚ ਪਾਣੀ,
ਇੱਥੇ ਨਹਿਰਾਂ ਵਗਦੀਆਂ ਨੇ।
ਇਹ ਸੂਰਜ ਤੇ ਸ਼ਾਮਾਂ,
ਮੈਨੂੰ ਆਪਣੀਆਂ ਲੱਗਦੀਆਂ ਨੇ।

ਕੋਈ ਆਵੇ ਮੌਸਮ ਐਸਾ,
'ਪਰਮ' ਕੁਦਰਤ ਨਾਲ ਜੁੜ ਜਾਵੇ।
ਬਲਦ, ਗੱਡੇ. ਕਹੀਆਂ, ਪਹੀਆਂ ਵੇਖਾਂ,
ਰੱਬ ਕਰੇ ਉਹ ਪੰਜਾਬ ਮੁੜ ਆਵੇ।

ਕਿਤਾਬ

ਸਾਕਾ

ਅੱਜ ਵੀ ਨੀ ਭੁੱਲਿਆ ਜਾਂਦਾ,
ਸਾਕਾ ਚਮਕੌਰ ਦਾ।
ਦਰਦ ਮੇਰੇ ਅਜੇ ਵੀ ਸੀਨੇ,
ਵਿੱਛੜੇ ਲਾਹੌਰ ਦਾ।

ਨਿਹੱਥਿਆਂ ਦੇ ਵਾਰ ਨੀ ਕਰਨਾ,
ਗੁਰੂ ਇਹ ਗੱਲ ਕਹਿੰਦੇ ਨੇ।
ਜਿੰਨ੍ਹੇ ਵੀ ਸਿੰਘ ਮੇਰੇ,
ਵਿੱਚ ਚੜ੍ਹਦੀ ਕਲਾ ਰਹਿੰਦੇ ਨੇ।

ਆਨੰਦਪੁਰ ਦੀ ਨਗਰੀ ਛੱਡਕੇ,
ਪਾ ਦਿੱਤੇ ਸੀ ਓਥੋਂ ਚਾਲੇ।
ਸਭ ਕੁੱਝ ਹੀ ਤੁਸੀਂ ਸਾਂਭਲੋ,
ਕਰ ਗਏ ਸੀ ਮੁਗ਼ਲਾਂ ਹਵਾਲੇ।

ਸਿਰਸਾ ਦੇ ਵਿੱਚ ਰੋੜਕੇ,
ਭਾਣਾ ਮੰਨ ਲੈਂਦੇ ਨੇ।
ਜਿੰਨ੍ਹੇ ਵੀ ਸਿੰਘ ਮੇਰੇ,
ਵਿੱਚ ਚੜ੍ਹਦੀ ਕਲਾ ਰਹਿੰਦੇ ਨੇ।

ਮਾਂ ਗੁਜਰੀ ਗੁਰੂ ਤੇਗ਼ ਬਹਾਦਰ,
ਜੋ ਸੀਗੇ ਹਿੰਦ ਦੀ ਚਾਦਰ।
ਜਿਗਰ ਦੇ ਟੋਟੇ ਚਾਰੇ,
ਉਹ ਵੀ ਸੀ ਬੜੇ ਪਿਆਰੇ।

ਸਾਰਾ ਸਰਬੰਸ ਤੋਰਕੇ,
ਫਿਰ ਵੀ ਕੰਡਿਆਂ ਤੇ ਪੈਂਦੇ ਨੇ।
ਜਿੰਨ੍ਹੇ ਵੀ ਸਿੰਘ ਮੇਰੇ,
ਵਿੱਚ ਚੜ੍ਹਦੀ ਕਲਾ ਰਹਿੰਦੇ ਨੇ।

ਆਜ਼ਾਦੀ

ਇਹ ਛੱਡ ਕੇ ਚੱਲੇ ਨੇ,
ਆਪਣੇ ਵਸਦੇ ਮਹਿਲ ਮੁਨਾਰੇ।
ਨਾ ਇੰਨ੍ਹਾਂ ਕਾਫ਼ਲਿਆਂ ਵਿੱਚ ਨਜ਼ਰ ਆਉਂਦੇ,
ਵਿੱਛੜੇ ਮਾਵਾਂ ਦੇ ਪੁੱਤ ਪਿਆਰੇ।
ਇਹਨੂੰ ਆਜ਼ਾਦੀ ਸਮਝੀਏ,
ਜਾਂ ਫਿਰ ਜ਼ੁਲਮ ਇੰਨ੍ਹਾਂ ਤੇ ਭਾਰੇ।

ਅਸੀਂ ਜਿੰਨ੍ਹਾਂ ਥਾਵਾਂ ਤੇ,
ਖੁਸ਼ੀਆਂ ਨਾਲ ਹਯਾਤ ਗੁਜ਼ਾਰੀ।
ਅੱਜ ਉਹਨਾਂ ਰਾਹਵਾਂ ਤੇ
ਸਾਡੀ ਗਈ ਪੱਤ ਉਤਾਰੀ।
ਤੈਨੂੰ ਧੀਆਂ ਦੀਆਂ ਇੱਜਤਾਂ,
ਲੁਟਾਕੇ ਕੀ ਮਿਲਿਆ ਸਰਕਾਰੇ।
ਇਹਨੂੰ ਆਜ਼ਾਦੀ ਸਮਝੀਏ,
ਜਾਂ ਫਿਰ...

ਤੂੰ ਖੰਡਰ ਬਣਾਕੇ ਰੱਖਤੇ,
ਕਿੰਨੇ ਘਰ ਉਜਾੜੇ ਨੀ।
ਤੂੰ ਤਰਸ ਭੋਰਾ ਨਾ ਕੀਤਾ,
ਜਿਉਂਦੇ ਜੀਅ ਵੀ ਸਾੜੇ ਨੀ।

ਤੈਨੂੰ ਕੀ-ਕੀ ਦੱਸ ਦੇਵਾਂ,
ਤੂੰ ਕਿੰਨੀਆਂ ਮਾਂਵਾਂ ਦੇ ਪੁੱਤ ਮਾਰੇ।
ਇਹਨੂੰ ਆਜ਼ਾਦੀ ਸਮਝੀਏ,
ਜਾਂ ਫਿਰ ਜ਼ੁਲਮ ਇੰਨ੍ਹਾਂ ਤੇ ਭਾਰੇ।

ਲੋਹੜੀ

ਇਹ ਮਾਵਾਂ ਦੀਆਂ ਕੁੱਖਾਂ ਵੀ,
ਅੱਜ ਕਮਜ਼ੋਰ ਹੋ ਗਈਆਂ ਲੱਗਦੀਆਂ ਨੇ।
ਅੱਜ ਇਹ ਸਵੇਰੇ ਇਹ ਸ਼ਾਮਾਂ,
ਮੈਨੂੰ ਹੋਰ ਹੋ ਗਈਆਂ ਲੱਗਦੀਆਂ ਨੇ।

ਮੈਨੂੰ ਦੱਸ ਖਾ ਅੰਮੀਏ,
ਤੇਰੀ ਕੀ ਮਜਬੂਰੀ ਸੀ।
ਜਾ ਫਿਰ ਵਿਹੜੇ ਦੇ ਵਿੱਚ ਤੇਰੇ,
ਮੇਰੇ ਲਈ ਥਾਂ ਅਧੂਰੀ ਸੀ।

ਤੈਨੂੰ ਤਰਸ ਭੋਰਾ ਨਾ ਆਇਆ,
ਤੂੰ ਆਪਣੀ ਕੁੱਖ ਵਿੱਚ ਧੀ ਮਰਵਾ ਦਿੱਤੀ ਨੀ।
ਅੱਜ ਸਾਡੇ ਹਿੱਸੇ ਦੀ ਲੋਹੜੀ ਅੰਮੀਏ,
ਤੂੰ ਦੱਸ ਕੀਹਦੀ ਝੋਲ਼ੀ ਪਾ ਦਿੱਤੀ ਨੀ।

ਮਾਂ ਦੀ ਪੁਕਾਰ

ਹਾਲੇ ਪੁੱਤਾ ਮੈਂ ਤੇਰੇ ਤੋਂ,
ਪਾਣੀ ਵਾਰਕੇ ਪੀਣਾ ਸੀ।
ਤੇਰੇ ਨਾਲ ਹੀ ਦੁਨੀਆਂ ਮੇਰੀ,
ਮੈਂ ਨਾਲ ਤੇਰੇ ਹੀ ਜੀਣਾ ਸੀ।

ਇਹ ਰਾਹਾਂ ਚੋਂ ਮੈਨੂੰ ਤੂੰ ਦਿਸਦਾ,
ਮੈਂ ਜਦ ਕੋਠੇ ਤੇ ਚੜ੍ਹਦੀ ਆਂ।
ਤੇਰੇ ਲੀੜੇ ਦੇਣ ਅਵਾਜ਼ਾਂ.
ਜਦ ਮੈਂ ਅੰਦਰ ਵੜਦੀ ਆਂ।

ਕੱਲ ਆਇਆ ਸੀ ਮਿੱਤਰ ਤੇਰਾ,
ਓ ਬਿਨ ਮਿਲਿਆਂ ਹੀ ਮੁੜ ਗਿਆ ਵੇ।
ਤੂੰ ਛੱਡਕੇ ਮਹਿਲ ਮੁਨਾਰੇ ਆਪਣੇ,
ਕਿਉਂ ਖਾਲੀ ਕਰਕੇ ਤੁਰ ਗਿਆ ਵੇ।

ਤੇਰੇ ਬਾਜੋਂ ਦੱਸ ਭੈਣ ਤੇਰੀ ਦਾ,
ਕਿਹੜਾ ਕਾਜ ਰਚਾਉਗਾ।
ਹੋ ਗਈ ਓ ਵੀ ਵਿਆਹੁਣ ਜੋਗੀ,
ਕੌਣ ਦਾਜ ਬਣਾਉਗਾ।

ਉਹ ਵੀ ਰੋਵੇ ਚੋਰੀ ਚੋਰੀ,
ਹੋਕੇ ਕੰਧਾਂ ਉਹਲੇ ਵੇ।
ਕੱਲ ਉਹਨੂੰ ਦੋ ਰੱਖੜੀਆਂ ਮਿਲੀਆਂ,
ਜਦ ਤੇਰੇ ਬਸਤੇ ਫ਼ੋਲੇ ਵੇ।

ਵਿਹੜੇ ਵਿੱਚ

ਮੈਂ ਵਿਹੜੇ ਵਿੱਚ ਬੈਠੀ,
ਪਾਵਾਂ ਚਾਦਰ ਤੇ ਮੋਰਨੀਆਂ।
ਇੱਕ ਦਿਨ ਬਾਬਲ ਨੇ,
ਅਸਾਂ ਘਰ ਹੋਰਾਂ ਦੇ ਤੋਰਨੀਆਂ।

ਇੰਨ੍ਹਾਂ ਕੰਧਾਂ ਉੱਤੇ ਛੱਜ,
ਅਤੇ ਛਾਬੇ ਰਹਿ ਜਾਣਗੇ।
ਮੈਨੂੰ ਰੋਂਦੀ ਨੂੰ ਦੂਰ ਇੱਥੋਂ,
ਹਾਏ ਸੋਹਰੇ ਲੈ ਜਾਣਗੇ।

ਇਹ ਲਾਲਟੈਣਾ ਪਰਾਂਤਾਂ,
ਇਹ ਕੁੱਜੇ ਅਲਮਾਰੀਆਂ।
ਲੈ ਕੇ ਕੁੱਝ ਵੀ ਨਈਂ ਜਾਣਾ,
ਮੈਂ ਛੱਡਜੂੰਗੀ ਸਾਰੀਆਂ।

ਚੁੱਲੇ ਉੱਤੇ ਤਵੇ ਤੇ,
ਕੜਾਈਆਂ ਰਹਿ ਜਾਣੀਆਂ।
ਵੇ ਤੇਰੇ ਘਰੋਂ ਬਾਬਲਾ,
ਜੁਦਾਈਆਂ ਪੈ ਜਾਣੀਆਂ।

ਵੀਰ

ਛੱਡ ਜਾਂਦੇ ਨੇ ਯਾਦਾਂ ਪਿੱਛੇ,
ਤੁਰ ਜਾਂਦੇ ਨੇ ਦੇ ਕੇ ਦੁੱਖੜੇ।
ਵੀਰ ਜਿੰਨ੍ਹਾਂ ਦੇ ਚੱਲ ਵਸੇ ਨੇ,
ਇਸ ਦੁਨੀਆਂ ਤੋਂ ਮੋੜਕੇ ਮੁੱਖੜੇ।

ਹਿਜ਼ਰ ਉਹਨਾਂ ਦਾ ਖਾ ਜਾਂਦਾ ਏ,
ਚੂਰ-ਚੂਰ ਕੇ ਮਾਵਾਂ ਨੂੰ।
ਜਿੱਥੋਂ ਲੰਘਿਆਂ ਵੀਰ ਮੇਰਾ,
ਮੇਰਾ ਸਜਦਾ ਰਾਹਵਾਂ ਨੂੰ।

ਕੀ ਕਰਾਂ ਮੈਂ ਕਿੱਧਰ ਜਾਵਾਂ,
ਮੈਨੂੰ ਸਮਝ ਨਾ ਆਉਂਦੀ ਏ।
ਚੁੱਪ-ਚੁੱਪ ਰਹਿੰਦਾ ਪਿਓ ਮੇਰਾ,
ਤੇ ਮਾਂ ਮੇਰੀ ਕਰਲਾਉਂਦੀ ਏ।

ਅਰਜ਼ ਕਰਾਂ ਮੈਂ ਏਹੀ ਰੱਬਾ,
ਨਾ ਵੀਰ ਕਿਸੇ ਦਾ ਛੱਡ ਜਾਵੇ।
ਮੈਂ ਮਰਾਂ ਅੱਜ ਛੇਤੀ ਛੇਤੀ,
ਜੇ ਵੀਰ ਮੇਰਾ ਮੁੜ ਆਵੇ।

ਆਹੀ ਮੇਰਾ ਪਿੰਡ

ਆਹੀ ਮੇਰਾ ਪਿੰਡ ਜਿੱਥੇ ਬਾਪੂ ਜੰਮਿਆਂ,
ਜਿੱਥੇ ਮੇਰੀ ਬੇਬੇ ਨੇ ਦਿੱਤੀਆਂ ਸੀ ਲੋਰੀਆਂ।
ਆਹੀ ਦਰਵਾਜ਼ੇ ਜਿੱਥੇ ਖੇਸ ਬੁਣੇ ਸੀ,
ਆਹੀ ਉਹ ਵਿਹੜੇ ਜਿੱਥੇ ਧੀਆਂ ਤੋਰੀਆਂ।

ਆਹੀ ਉਹ ਕੋਠੇ,
ਤੇ ਚੁਬਾਰੇ ਓਹੀ ਨੇ।
ਆਹੀ ਉਹ ਝਲਾਨੀਆਂ,
ਤੇ ਹਾਰੇ ਓਹੀ ਨੇ।
ਆਹੀ ਉਹ ਕੌਲ਼ੇ,
ਜਿੰਨਾਂ ਤੇ ਤੇਲ ਚੋਇਆ ਸੀ।
ਆਹੀ ਉਹ ਕੰਧਾਂ,
ਮੈਂ ਜਿੰਨ੍ਹਾਂ ਨਾਲ ਲੱਗ ਰੋਇਆ ਸੀ।

ਆਹੀ ਉਹ ਖੇਤ ਮੇਰੇ,
ਬਾਪੂ ਜਿੱਥੇ ਹਲ਼ ਵਾਹੁੰਦਾ ਸੀ।
ਹੱਕ ਦੀ ਕਮਾਈ,
ਮਿਹਨਤ ਕਰਕੇ ਉਗਾਉਂਦਾ ਸੀ।
ਆਹੀ ਖਾਲ਼ ਰਾਵੀ ਤੇ ਝਨਾਬ ਲੱਗਦਾ,
ਸੱਚੀ ਬਾਪੂ ਮੇਰਾ ਮੈਨੂੰ ਤਾਂ ਪੰਜਾਬ ਲੱਗਦਾ।

ਆਹੀ ਉਹ ਢਾਬ,
ਜਿੱਥੇ ਮੱਝਾਂ ਸੀ ਮੈਂ ਚਾਰਦਾ।
ਰੇੜਾ, ਰੇੜੀ ਗੱਡੇ ਹੁੰਦੇ
ਓਦੋਂ ਪਤਾ ਕੀ ਸੀ ਕਾਰ ਦਾ।
ਆਹੀ ਉਹ ਸਾਈਕਲ,
ਜੋ ਬਾਪੂ ਦੇ ਸੌਹਰਿਆਂ ਤੋਂ ਆਇਆ ਸੀ।
ਬੜਾ ਹੀ ਭਗਤ ਧੰਨਾ,
ਜੋ ਮੇਰੇ ਚਾਚਾ ਜੀ ਦਾ ਤਾਇਆ ਸੀ।

ਆਹੀ ਉਹ ਸੱਥਾਂ,
ਜਿੱਥੇ ਲਾਈਆਂ ਤਾਸ਼ ਦੀਆਂ ਬਾਜੀਆਂ।
ਮੈਂ ਜਦੋਂ ਮੁੜ ਪਿੰਡ ਆਉਂਦਾ,
ਸਾਰੇ ਪੁੱਛਦੇ ਭਾਈ ਰਾਜੀ ਆਂ?
ਲਾਕੇ ਪੈਰੀ ਹੱਥ ਫਿਰ,
ਹਾਲ ਦਿਲ ਦਾ ਸੁਣਾਂਵਦਾ।
ਬਸ ਇੱਕ ਗੱਲ ਦੱਸੇ ਪਿੰਡ,
ਬਾਪੂ ਨਜ਼ਰ ਕਿਉਂ ਨੀ ਆਂਵਦਾ।

ਬਲਦਾਂ ਦੀ ਜੋੜੀ

ਦੱਸੋ ਕਿਹੋ ਜਿਹੇ ਯਾਰ ਹੁੰਦੇ,
ਕਿਹੋ ਜਹੀਆਂ ਯਾਰੀਆਂ।
ਕੀਹਦੇ ਨਾਲੋਂ ਟੁੱਟੀ ਹੁੰਦੀ,
ਤੇ ਕੀਹਦੇ ਨਾਲ ਆੜੀਆਂ।
ਤੂੰ ਕੀਹਦੇ ਨਾਲ ਬਣਾਕੇ ਰੱਖੀ,
ਤੇ ਕੀਹਦੇ ਨਾਲੋਂ ਤੋੜੀ ਓਏ।

ਕਿਹਨੂੰ ਕਿਹਨੂੰ ਯਾਦ ਦੱਸੋ,
ਰੇੜਾ, ਰੇੜੀ, ਗੱਡੇ,
ਬੱਗੇ ਬਲਦਾਂ ਦੀ ਜੋੜੀ ਓਏ।

ਘੁੱਗੀਆਂ, ਕਬੂਤਰਾਂ,
ਮੋਰ, ਮੁਰਗਾਬੀਆਂ।
ਨਾ ਤਿਤਲੀਆਂ ਚਿੱਟੀਆਂ,
ਨਾ ਫਿੱਕੀਆਂ ਪਿਆਜੀਆਂ।
ਚਿੜੀਆਂ ਦਾ ਸ਼ੋਰ ਮੈਨੂੰ,
ਨਜ਼ਰ ਕਿਤੇ ਆਉਂਦਾ ਨੀ।
ਮੁੱਕ ਗਏ ਨੇ ਜਦੋਂ ਦੇ ਹਾਏ,
ਮੱਕੀਆਂ ਤੇ ਬਾਜਰੇ।

ਕਿਹਨੂੰ ਕਿਹਨੂੰ ਯਾਦ ਦੱਸੋ,
ਤਿੱਲੇ ਵਾਲੀ ਜੁੱਤੀ,
ਪੱਗ, ਕੁੜਤਾ ਤੇ ਚਾਦਰੇ।

ਕਾਰਾਂ ਇੱਥੇ ਗੱਡੀਆਂ ਦਾ,
ਦੌਰ ਰੇਲਾਂ ਵੱਡੀਆਂ ਦਾ।
ਤੁਰਨ ਦੇ ਚਾਅ ਮੁੱਕੇ,
ਕੱਚੇ ਇੱਥੇ ਰਾਹ ਮੁੱਕੇ।
ਨਾ ਸਾਇਕਲ ਸਵਾਰ ਇੱਥੇ,
ਨਾ ਯੱਕਾ ਕੋਈ ਤਾਂਗਾ ਓਏ।

ਕਿਹਨੂੰ ਕਿਹਨੂੰ ਯਾਦ ਦੱਸੋ,
ਜਿੰਦਰਾ, ਪੰਜਾਲੀ, ਹਲ਼,
ਅਤੇ ਤੰਗਲੀ ਦਸਾਂਗਾ ਓਏ।

ਬਾਪੂ

ਬਾਪੂ ਦੇ ਕੋਲ ਬਹਿਕੇ ਸਿੱਖਲਾ,
ਕੁੱਝ ਗੱਲਾਂ ਕੰਮ ਦੀਆਂ।
ਨਾ ਕੁੱਖ ਵਿੱਚ ਮਾਰੀਂ ਧੀਆਂ,
ਜੋ ਨੇ ਦੁਨੀਆਂ ਜੰਮਦੀਆਂ।

ਤੂੰ ਛੋਟੀਆਂ-ਛੋਟੀਆਂ ਕੁੜੀਆਂ ਨੂੰ,
ਦੋ ਅੱਖਰ ਪੜ੍ਹਾ ਲਿਆ ਕਰ।
ਕਦੀ ਕੋਲ ਬਹਿਕੇ ਤੂੰ ਬਾਪੂ ਦੇ,
ਉਹਦਾ ਦੁੱਖ ਵੰਡਾ ਲਿਆ ਕਰ।

ਛਾਂ ਦਿੰਦੇ ਸੀ ਰੁੱਖ ਜਿਹੜੇ,
ਮੈਂ ਹੱਥੀਂ ਵੱਢਦੇ ਵੇਖੇ ਨੇ।
ਚਾਰੇ ਪੁੱਤ ਮੈਂ ਬਾਪੂ ਨੂੰ,
ਘਰ ਚੋਂ ਕੱਢਦੇ ਵੇਖੇ ਨੇ।

ਮੁਰਝਾਏ ਫੁੱਲਾਂ ਵਰਗੇ ਚਿਹਰੇ ਨੂੰ,
ਤੂੰ ਕਦੀ ਹਸਾ ਲਿਆ ਕਰ।
ਕਦੀ ਕੋਲ ਬਹਿਕੇ ਤੂੰ ਬਾਪੂ ਦੇ,
ਉਹਦਾ ਦੁੱਖ ਵੰਡਾ ਲਿਆ ਕਰ।

ਪੁੱਛ ਲਵੀਂ ਕਦੀ ਹਾਲ ਬਾਪੂ ਦਾ,
ਤੂੰ ਉਹਨੂੰ ਕੋਲ ਬਿਠਾ ਕੇ ਓਏ।
ਠਾਰ ਦੇਵੀਂ ਕਦੀ ਸੀਨਾ ਉਹਦਾ,
ਤੂੰ ਆਪਣੇ ਗਲ਼ ਨਾਲ ਲਾਕੇ ਓਏ।

ਕਦੀ ਕਿਰਤ ਵਾਲੇ ਉਹਦੇ ਹੱਥਾਂ ਨੂੰ,
ਤੂੰ ਚੁੰਮਕੇ ਮੱਥੇ ਲਾ ਲਿਆ ਕਰ।
ਕਦੀ ਕੋਲ ਬਹਿਕੇ ਤੂੰ ਬਾਪੂ ਦੇ,
ਉਹਦਾ ਦੁੱਖ ਵੰਡਾ ਲਿਆ ਕਰ।

ਕਿਰਤ ਕਰੋ ਵੰਡ ਛਕੋ,
ਇਹ ਬਾਬਾ ਨਾਨਕ ਕਹਿ ਗਿਆ ਸੀ।
ਪੂਰੀ ਦੁਨੀਆਂ ਤੇ ਰਾਜ ਕੀਤਾ,
ਕੀ ਨਾਲ ਸਿਕੰਦਰ ਲੈ ਗਿਆ ਸੀ।

ਨਾ ਨੋਚ ਮਾਸ ਗਰੀਬਾਂ ਦਾ,
ਤੂੰ ਆਪਣੇ ਹੱਕ ਦਾ ਖਾ ਲਿਆ ਕਰ।
ਕਦੀ ਕੋਲ ਬਹਿਕੇ ਤੂੰ ਬਾਪੂ ਦੇ,
ਉਹਦਾ ਦੁੱਖ ਵੰਡਾ ਲਿਆ ਕਰ।

ਕੰਲਗੀਆਂ ਵਾਲੇ

ਸਤਿਗੁਰੂ ਮੇਰੇ ਕੰਲਗੀਆਂ ਵਾਲੇ,
ਦੱਸਦੇ ਇਸ ਦੁਨੀਆਂ ਨੂੰ,
ਕਿੱਦਾਂ ਤੈਂ ਪੁੱਤਰ ਵਾਰੇ,
ਏਸ ਜਹਾਨ ਤੋਂ ਚਾਰੇ।

ਸਿੰਘ ਤਾਂ ਹਾਏ ਸ਼ੇਰਾਂ ਵਾਗੂੰ,
ਮੈਦਾਨ ਚ ਦਹਾੜ ਦੇ ਸੀ।
ਵਿਖਾਉਂਦੇ ਸੀ ਜੌਹਰ ਅਨੌਖੇ,
ਇਹ ਤਲਵਾਰ ਦੇ ਸੀ।
ਮੁਗਲਾਂ ਦਾ ਜ਼ੋਰ ਚੱਲੇ ਨਾ,
ਕਰਦੇ ਸੀ ਜ਼ੁਲਮ ਜੋ ਭਾਰੇ।

ਗੜ੍ਹੀ ਵੀ ਕੰਬ ਉੱਠੀ ਸੀ,
ਜਦੋਂ ਵੱਜਿਆ ਨਗਾਰਾ ਜੀ।
ਸਿੰਘਾਂ ਨੂੰ ਜੋਸ਼ ਚੜ੍ਹ ਗਿਆ,
ਖੜਕਣ ਤਲਵਾਰਾਂ ਜੀ।
ਵੇਖਦੇ ਹੀ ਵੇਖਦੇ ਤੁਰਗੇ,
ਅੱਖੀਆਂ ਦੇ ਚਮਕਦੇ ਤਾਰੇ।

ਦਿੱਤਾ ਸੀ ਹੁਕਮ ਵਜ਼ੀਦੇ,
ਆਪਣੇ ਸਿਪਾਹੀਆਂ ਨੂੰ।
ਲੈ ਆਵੋ ਛੇਤੀ ਜਾਕੇ
ਮਜ਼ਹਬ ਦੇ ਰਾਹੀਆਂ ਨੂੰ।
ਪਰਮ ਓਏ ਜਿਉਂਦੇ ਚਿਣਤੇ,
ਛੋਟੇ ਦੋ ਲਾਲ ਦੁਲਾਰੇ..

ਸਤਿਗੁਰੂ ਮੇਰੇ ਕੰਲਗੀਆਂ ਵਾਲੇ,
ਦੱਸਦੇ ਇਸ ਦੁਨੀਆਂ ਨੂੰ,
ਕਿੱਦਾਂ ਤੈਂ ਪੁੱਤਰ ਵਾਰੇ,
ਏਸ ਜਹਾਨ ਤੋਂ ਚਾਰੇ।

ਕੁਦਰਤ

ਆ ਵੇਖ ਰੰਗ ਕੁਦਰਤ ਦੇ,
ਕੀ-ਕੀ ਭੇਦ ਖੋਲਦੇ ਨੇ।
ਕਿਧਰੇ ਪੰਛੀ ਗਾਉਂਦੇ,
ਕਿਧਰੇ ਰੁੱਖ ਬੋਲਦੇ ਨੇ।

ਚੱਲਣ ਹਵਾਂਵਾ ਠੰਢੀਆਂ,
ਕਿਧਰੇ ਮਿੱਟੀ ਉਡਦੀ ਏ।
ਜਦ ਡੁੱਬ ਜਾਂਦੇ ਨੇ ਸੂਰਜ,
ਤਾਰ ਕੁਦਰਤ ਨਾਲ ਜੁੜਦੀ ਏ।

ਕਿਧਰੇ ਨਿਆਣੇ ਖੇਡਣ ਦਾਈਆਂ,
ਕਿਧਰੇ ਅੰਬਰ ਪਤੰਗੀਆਂ ਖੜਕਦੀਆਂ।
ਦੱਸ ਹਾਣ ਮੇਰੇ ਦੀਆਂ ਕਿੱਧਰ ਗਈਆਂ,
ਭਾਬੋ ਕਿਉਂ ਨੀ ਕੁੜੀਆਂ ਰੜਕਦੀਆਂ।

ਕਿਧਰੇ ਵੱਜਦੇ ਵਾਜੇ,
ਕਿਧਰੇ ਸ਼ਹਿਨਾਈਆਂ ਗੂੰਜਦੀਆਂ।
ਮੁੱਖ ਵੇਖਣ ਲਈ ਆਪਣਾ,
ਕੁੜੀਆਂ ਸ਼ੀਸ਼ੇ ਪੁੰਝਦੀਆਂ।

ਕਿਧਰੇ ਜੱਟ ਖੇਤਾਂ ਵੱਲ,
ਗੱਡੇ ਜੋੜੀ ਫਿਰਦੇ ਨੇ।
ਇਹ ਕੁਦਰਤ ਨਾਲ ਰਿਸ਼ਤੇ,
ਮੇਰੇ ਬੜੇ ਹੀ ਚਿਰ ਦੇ ਨੇ।

ਚੋਜੀ ਪ੍ਰੀਤਮ

ਉਹ ਚੌਰਾਸੀ ਦੇ ਦੰਗੇ,
ਕਈ ਸੂਲਾਂ ਤੇ ਟੰਗੇ,
ਚਰਖੜੀਆਂ,
ਆਰੇ,
ਗੁਰੂ ਦੇ ਸਿੰਘ,
ਬੜੇ ਹੀ ਪਿਆਰੇ,
ਤਵੀਆਂ, ਛਵੀਆਂ,
ਢਾਲਾਂ, ਕਿਰਪਾਨਾਂ,
ਲਾਲਾਂ ਦੀਆਂ ਜਾਨਾਂ,
ਮੈਨੂੰ ਅੱਜ ਵੀ ਯਾਦ ਨੇ।

ਉਹ ਚਮਕੌਰ,
ਲਾਹੌਰ,
ਸਰਹੰਦ ਦੀ ਕੰਧ,
ਮਾਛੀਵਾੜੇ,
ਗੁਰੂ ਦੇ ਨਗਾਰੇ,
ਸਿਰਸਾ ਦੇ ਕਿਨਾਰੇ,
ਆਸਾ ਦੀ ਵਾਰੇ,
ਮੇਰੇ ਚੋਜੀ ਪ੍ਰੀਤਮ,
ਜੋ ਕਰਦੇ ਸੀ ਕੀਰਤਨ,
ਮੈਨੂੰ ਅੱਜ ਵੀ ਯਾਦ ਨੇ।

ਉਹ ਗੁਰੂ ਦੇ ਫ਼ਰਜੰਦ,
ਜਿਗਰ ਦੇ ਟੋਟੇ,
ਦੋ ਵੱਡੇ,
ਦੋ ਛੋਟੇ,
ਹਿੰਦ ਦੀ ਚਾਦਰ,
ਗੁਰੂ ਤੇਗ਼ ਬਹਾਦਰ,
ਮਾਂ ਗੁਜਰੀ ਦਾ ਲਾਲ,
ਸਹਿਬ-ਏ-ਕਮਾਲ,
ਦਸਵੇਂ ਨਾਨਕ,
ਸ਼ਹਿਨਸ਼ਾਹ ਸਾਨੀ,
ਓ ਸਰਬੰਸ ਦਾਨੀ,
ਮੈਨੂੰ ਅੱਜ ਵੀ ਯਾਦ ਆ।

ਦੇਗਾਂ ਚ ਉਬਾਲੇ,
ਬੰਦ ਬੰਦ ਕਟਵਾਲੇ,
ਨੇਜਿਆਂ ਦੀਆਂ ਨੋਕਾਂ ਤੇ,
ਬੱਚੇ ਟੰਗਵਾਲੇ
ਖੋਪੜ ਲਹਾਲੇ,
ਸਿਦਕੋਂ ਨਾ ਡੋਲੇ,
ਮਨੋਂ ਨਾ ਹਾਰੇ,
ਮੇਰੇ ਗੁਰੂ ਦੇ ਪਿਆਰੇ,
ਮੈਨੂੰ ਅੱਜ ਵੀ ਯਾਦ ਨੇ।

ਕੁੜੀਆਂ-2

ਰਿਸ਼ਤਿਆਂ ਦੇ ਰੰਗ ਫਿੱਕੇ ਹੁੰਦੇ,
ਜੇ ਮੋਹ ਦੀਆਂ ਤੰਦਾਂ ਜੁੜੀਆਂ ਨਾ ਹੁੰਦੀਆਂ।
ਫਿਰ ਮੈਂ ਵੀ ਕਿੱਥੇ ਹੋਣਾ ਸੀ,
ਜੇ ਇਹ ਕੁੜੀਆਂ ਨਾ ਹੁੰਦੀਆਂ।

ਸਰਬਾਲੇ ਬਣਦੇ ਛੋਟੇ ਵੀਰੇ,
ਭਾਵੇਂ ਹੋਣ ਚਾਚੀਆਂ-ਤਾਈਆਂ ਦੇ।
ਮੇਰੇ ਚੜ੍ਹਣ ਬਰਾਤੇ ਸੁਰਮਾ ਪਾਇਆ,
ਮੈਂ ਸਦਕੇ ਜਾ ਭਰਜਾਈਆਂ ਦੇ।

ਵਿਆਹ ਮੇਰੇ ਦਾ ਹੋਕਾ ਘਰ ਘਰ ਦੇਣਾ ਕਿਹਨੇ ਸੀ,
ਜੇ ਪਿੰਡ ਮੇਰੇ ਵਿੱਚ ਨੈਣਾਂ ਨਾ ਹੁੰਦੀਆਂ।
ਕੌਣ ਸਜਾਉਂਦਾ ਮੇਰੇ ਸਿਹਰਾ ਸਿਰ ਤੇ,
ਜੇ ਇਹ ਭੈਣਾਂ ਨਾ ਹੁੰਦੀਆਂ।

ਪਾਣੀ ਵਾਰ ਕੇ ਮਾਂ ਖੁਸ਼ ਹੋ ਗਈ ਮੇਰੀ,
ਦੁੱਖ ਭੁੱਲ ਗਈ ਉਹ ਸਾਰੇ ਸੀ।
ਸੱਭੇ ਵਿਆਹੇ ਗਏ ਉਹਦੇ ਸਾਰੇ,
ਜੋ ਅੱਜ ਤੱਕ ਚਾਅ ਕੁਆਰੇ ਸੀ।

ਤਪਦੇ ਸੀਨੇ ਕੌਣ ਠਾਰਦਾ,
ਜੇ ਠੰਡੀਆਂ ਛਾਵਾਂ ਨਾ ਹੁੰਦੀਆਂ।
ਫਿਰ ਧੀਆਂ ਪੁੱਤਾਂ ਨੂੰ ਦੱਸ ਕੌਣ ਪਾਲ਼ਦਾ,
ਜੇ ਇਹ ਮਾਵਾਂ ਨਾ ਹੁੰਦੀਆਂ।

ਤੀਆਂ ਤੀਜ ਦੀਆਂ

ਜਿੰਨ੍ਹਾਂ ਰਾਹਾਂ ਵਿੱਚੋਂ ਉੱਡਦੇ ਵਰੋਲੇ ਕੁੜੀਓ।
ਆਜੋ ਵੇਖਲੋ ਨੀ ਆਕੇ ਮੇਰੇ ਕੋਲੇ ਕੁੜੀਓ।
ਕੰਨੀ ਨੱਤੀਆਂ ਸੰਧੂਰੀ ਸਿਰ ਪਰਨਾ,
ਨੀ ਓ ਵੀਰ ਮੇਰਾ ਸਖੀਓ,
ਆਜੋ ਵੇਖਲੋ ਦੀਦਾਰ ਜਿਹਨੇ ਕਰਨਾ।
ਨੀ ਓ ਵੀਰ ਮੇਰਾ ਸਖੀਓ।

ਤੁਸੀਂ ਵੇਖਲੋ ਹਾਏ ਚੜ੍ਹਕੇ ਚੁਬਾਰੇ ਨੀ।
ਬੋਤਾ ਵੀਰ ਦਾ ਹਾਕਾਂ ਮੈਨੂੰ ਮਾਰੇ ਨੀ।
ਤੁਸਾਂ ਦੇਵੋ ਹਾਏ ਨਜ਼ਰ ਉਤਾਰ ਕੁੜੀਓ,
ਬੋਤਾ ਵੀਰ ਦਾ,
ਮੈਨੂੰ ਲੈਣ ਆਇਆ ਤੀਆਂ ਦੇ ਤਿਉਹਾਰ ਕੁੜੀਓ।
ਬੋਤਾ ਵੀਰ ਦਾ।

ਜਿੰਨ੍ਹਾਂ ਰਾਹਾਂ ਵਿੱਚੋਂ ਉੱਡਦੇ ਵਰੋਲੇ ਕੁੜੀਓ।
ਆਜੋ ਵੇਖਲੋ ਨੀ ਆਕੇ ਮੇਰੇ ਕੋਲੇ ਕੁੜੀਓ।
ਜਿਹਦੇ ਗਲ ਵਿੱਚ ਕੈਂਠਾ ਟੌਹਰੇ ਵਾਲੀ ਪੱਗ ਨੀ।
ਓਹੀ ਵੀਰ ਮੇਰਾ,
ਜਿਹਨੂੰ ਵੇਖਦਾ ਏ ਖੜ-ਖੜ ਸਾਰਾ ਜੱਗ ਨੀ।
ਓਹੀ ਵੀਰ ਮੇਰਾ।

ਜਦੋਂ ਵੀਰ ਮੇਰਾ,
ਮੈਨੂੰ ਲੈਣ ਆਉਂਦਾ ਨੀ।
ਸੋਹਰਾ ਬੜੇ ਹੀ,
ਪਿਆਰ ਨਾਲ ਬੁਲਾਉਂਦਾ ਨੀ।
ਸੱਸ ਖਸਮਾਂ ਨੂੰ ਖਾਣੀ,
ਮੱਥੇ ਵੱਟ ਪਾਉਂਦੀ ਆ।
ਮੈਂ ਤਾਂ ਵੀਰ ਨਾਲ ਜਾਣਾ,
ਅੰਮੀ ਚੇਤੇ ਆਉਂਦੀ ਆ।

ਢੱਕ

ਹੁੰਦੇ ਕੀ ਢੱਕ,
ਮੈਨੂੰ ਦੱਸ ਤਾਂ ਸਹੀ।
ਮੇਰੇ ਨਾਲ ਰੋਸਾ ਕਾਹਦਾ,
ਥੋੜਾ ਹੱਸ ਤਾਂ ਸਹੀ।

ਹਲ਼, ਚਊ, ਢੀਂਗਾਂ ਤੇ
ਦਸਾਂਗਾ ਕੀਹਨੂੰ ਆਖਦੇ।
ਜਿੰਦਰਾ, ਪੰਜਾਲੀ, ਹੀਂਸ ਤੇ
ਸੰਲਾਗਾ ਕੀਹਨੂੰ ਆਖਦੇ।

ਵਣ ਤੇ ਕਰੀਰ ਦੱਸ,
ਅੱਕ ਹੁੰਦੇ ਕੀ ਨੇ।
ਪੱਥੇ ਜਾਂਦੇ ਤੌੜੇ ਜੀਹਤੇ,
ਉਹ ਚੱਕ ਹੁੰਦੇ ਕੀ ਨੇ।

ਨਸੂੜਾ, ਢੱਕ, ਭੱਖੜਾ,
ਤੇ ਜੰਡ ਕੀਹਨੂੰ ਆਖਦੇ।
ਵੇਸਵਾ, ਸੁਹਾਗਣ, ਕੁਆਰੀ,
ਤੇ ਰੰਡ ਕੀਹਨੂੰ ਆਖਦੇ।

ਆਰ, ਪਰਾਣੀ, ਛਾਂਟਾ,
ਤੇ ਮੁੰਨਾ ਹੁੰਦਾ ਕੀ ਸੀ।
ਧਤੂਰੀ, ਸੰਘੀ, ਪੋਰ,
ਤੇ ਕੰਨਾ ਹੁੰਦਾ ਕੀ ਸੀ।

ਮਿੱਟੀ

ਮੈਂ ਮਿੱਟੀ ਤੋਂ ਬਣਿਆਂ ਹਾਂ,
ਮੈਂ ਮਿੱਟੀ ਹੋ ਜਾਵਾਂਗਾ।
ਬਚਪਨ ਵਿੱਚ ਮੇਰਾ
ਮਿੱਟੀ ਨਾਲ ਬਹੁਤ ਪਿਆਰ ਸੀ,
ਮੈਂ ਮਿੱਟੀ ਖਾਂਦਾ ਸੀ,
ਮੈਂ ਮਿੱਟੀ ਨਾਲ ਨਹਾਉਂਦਾ ਸੀ,
ਕਦੀ ਕਦੀ ਮਿੱਟੀ
ਮੇਰੇ ਨਾਲ ਸੌਂ ਜਾਂਦੀ ਤੇ
ਮੈਂ ਮਿੱਟੀ ਨਾਲ...
ਤੇ ਮਾਂ ਮੈਨੂੰ ਰੋਕਦੀ ਸੀ।
ਜਵਾਨੀ ਆਈ
ਮੈਂ ਪਿੰਡੇ ਤੇ ਮਿੱਟੀ ਨਾ ਪੈਣ ਦਿੰਦਾ
ਪਰ ਮਿੱਟੀ ਨੇ ਮੇਰਾ ਮੋਹ ਨਾ ਛੱਡਿਆ,
ਉਹ ਕਦੀ ਕਦੀ
ਮੇਰੇ ਪਿੰਡੇ ਨਾਲ ਲੱਗ ਹੀ ਜਾਂਦੀ ਸੀ।
ਅੱਜ ਵੀ ਜਦ ਮੈਂ
ਅਪਣੇ ਕੱਪੜੇ ਝਾੜਦਾ ਹਾਂ,
ਉਹ ਮੈਨੂੰ ਨਜ਼ਰ ਆਉਂਦੀ ਹੈ
ਮਿੱਟੀ ਮੈਥੋਂ ਕਦੀ ਦੂਰ ਨਹੀਂ ਹੋਣਾ ਚਾਹੁੰਦੀ
ਉਹ ਅੱਜ ਵੀ ਮੇਰੇ ਨਾਲ ਸੌਂਦੀ ਹੈ,

ਪਰ ਮੈਂ ਨਹੀਂ..
ਮੈਂ ਕਦੀ
ਮਿੱਟੀ ਨੂੰ
ਆਪਣਾ ਨਾ ਬਣਾ ਸਕਿਆ।
ਬੁਢਾਪੇ ਵਿੱਚ
ਫੇਰ ਵੀ ਮੈਨੂੰ ਮਿੱਟੀ ਨੇ
ਅਪਣੇ ਨਾਲ ਮਿੱਟੀ ਕਰ ਲਿਆ
ਕਿਉਂਕਿ ਮਿੱਟੀ ਨਾਲ
ਮੇਰਾ ਬਚਪਨ ਦਾ ਪਿਆਰ ਸੀ...

ਬੇਬੇ

ਤੈਨੂੰ ਸੰਦੂਕਾਂ ਕੋਲੇ ਖੜਕੇ ਮਿੱਤਰਾ,
ਬੇਬੇ ਯਾਦ ਤਾਂ ਆਈ ਹੋਊ..

ਉਹਦੇ ਹੱਥ ਸੰਦੂਕਾਂ ਨੂੰ,
ਕਦੀ ਤਾਂ ਲੱਗੇ ਹੋਵਣਗੇ..
ਉਹਨੇ ਸਾਂਭ ਸਾਂਭ ਕੇ ਬਾਪੂ ਦੇ,
ਰੱਖੇ ਵੀ ਝੱਗੇ ਹੋਵਣਗੇ,
ਉਹ ਸਮਿਆਂ ਚ ਬਸ ਆਹੀ ਹੁੰਦਾ,
ਜਿਹੜੀ ਪੇਕਿਓ ਦਾਜ ਲਿਆਈ ਹੋਊ..

ਤੈਨੂੰ ਸੰਦੂਕਾਂ ਕੋਲੇ ਖੜਕੇ ਮਿੱਤਰਾ,
ਬੇਬੇ ਯਾਦ ਤਾਂ ਆਈ ਹੋਊ..

ਪਿਓ ਤੇਰੇ ਨੂੰ ਜੰਮਕੇ,
ਜਿਹਨੇ ਪੁੰਨ ਕਮਾਇਆ ਸੀ,
ਇੱਕ ਬੇਬੇ ਕਰਕੇ ਹੀ ਤੂੰ,
ਇਸ ਦੁਨੀਆਂ ਤੇ ਆਇਆ ਸੀ।
ਖਿਆਲ ਰੱਖਿਓ ਮੇਰੀ ਅੰਮੀ ਦਾ,
ਤੂੰ ਪੁੱਤਾਂ ਨੂੰ ਏਹੀ ਗੱਲ ਸਿਖਾਈ ਹੋਊ।

RAMA

ਤੈਨੂੰ ਸੰਦੂਕਾਂ ਕੋਲੇ ਖੜਕੇ ਮਿੱਤਰਾ,
ਬੇਬੇ ਯਾਦ ਤਾਂ ਆਈ ਹੋਊ।

ਸਦਾ ਨੀ ਰਹਿਣਾ ਸਭ ਨੇ ਜਾਣਾ,
ਇਸ ਦੁਨੀਆਂ ਤੋਂ ਸੱਜਣਾ ਓਏ।
ਜਿੰਨ੍ਹਾਂ ਲਿਖਿਆ ਓਨਾਂ ਖਾਣਾ,
ਇਸ ਦੁਨੀਆਂ ਤੋਂ ਸੱਜਣਾ ਓਏ।
ਤੈਨੂੰ ਵੀ ਦੁੱਖ ਓਹੀ ਹੁੰਦਾ,
ਜਦ ਪੈਂਦੀ ਕੋਈ ਜੁਦਾਈ ਹੋਊ।

ਤੈਨੂੰ ਸੰਦੂਕਾ ਕੋਲੇ ਖੜਕੇ ਮਿੱਤਰਾ,
ਬੇਬੇ ਯਾਦ ਤਾਂ ਆਈ ਹੋਊ..

ਮਾਂ

ਮਾਂ ਮੇਰੀ ਮੈਨੂੰ ਛੱਡਕੇ ਤੁਰ ਗਈ,
ਹੁਣ ਕੀਹਦੇ ਗਲ਼ ਲੱਗਾਂ।
ਹੋ ਮੇਰਿਆ ਰੱਬਾ...

ਮਾਂ ਬਾਝੋਂ ਇਹ ਦੁਨੀਆਂ ਯਾਰੋ,
ਸੁੰਨੀ ਸੁੰਨੀ ਲੱਗਦੀ ਏ।
ਇੱਧਰ ਲੱਭਾਂ ਉਧਰ ਲੱਭਾਂ,
ਮਾਂ ਮੈਨੂੰ ਨਾ ਲੱਭਦੀ ਏ।
ਮਾਂ ਮੇਰੀ ਦੇ ਪੈਣ ਭੁਲੇਖੇ,
ਹੋ ਮੇਰਿਆ ਰੱਬਾ...

ਮਾਂ ਮੇਰੀ ਮੈਨੂੰ ਛੱਡਕੇ ਤੁਰ ਗਈ,
ਹੁਣ ਕੀਹਦੇ ਗਲ਼ ਲੱਗਾਂ।

ਮਾਂ ਹੁੰਦੀ ਏ ਮਾਂ ਦਾਦੀ,
ਰੱਬ ਦਾ ਰੂਪ ਨੇ ਕਹਿੰਦੇ।
ਮਾਂ ਜੀਹਦੀ ਮਰ ਜਾਂਦੀ,
ਉਹ ਦਰਦ ਕਿਵੇਂ ਨੇ ਸਹਿੰਦੇ।
ਦਰਦ ਮੈਂ ਦਿਲ ਆਪਣੇ ਦੇ,
ਹੁਣ ਕਿਹਨੂੰ ਆਖ ਸੁਣਾਵਾਂ
ਹੋ ਮੇਰਿਆ ਰੱਬਾ...

ਮਾਂ ਮੇਰੀ ਮੈਨੂੰ ਛੱਡਕੇ ਤੁਰ ਗਈ,
ਹੁਣ ਕੀਹਦੇ ਗਲ਼ ਲੱਗਾਂ।

ਦੋ ਭਾਈ ਇੱਕ ਭੈਣ ਕੁਆਰੀ,
ਦੱਸ ਕੀਹਦੇ ਗਲ਼ ਲੱਗ ਜਾਈਏ।
ਮਾਂ ਸਾਡੀ ਸਾਨੂੰ ਛੱਡਕੇ ਤੁਰ ਗਈ,
ਦੱਸ ਕੀਹਨੂੰ ਮਾਂ ਬਣਾਈਏ।
ਮਾਂ ਕਿਸੇ ਦੀ ਨਾ ਮਰੇ,
ਏ ਦਰਦ ਝੱਲਣੇ ਔਖੇ ਨੇ।
ਹੋ ਮੇਰਿਆ ਰੱਬਾ।

ਮਾਂ ਮੇਰੀ ਮੈਨੂੰ ਛੱਡਕੇ ਤੁਰ ਗਈ,
ਹੁਣ ਕੀਹਦੇ ਗਲ਼ ਲੱਗਾਂ।

ਜੇ ਵਸ ਚੱਲੇ ਮੇਰਾ ਰੱਬ ਅੱਗੇ,
ਮੈਂ ਮਾਂ ਨੂੰ ਮੋੜ ਲਿਆਵਾਂ।
ਬਸ ਨੀ ਚੱਲਦਾ ਕੀ ਕਰਾਂ,
ਦੱਸ ਰੱਬ ਨੂੰ ਕਿਵੇਂ ਮਨਾਵਾਂ।
ਮਿੰਨਤਾਂ ਕਰਾ ਮੈਂ ਅਰਜ਼ ਗੁਜ਼ਾਰਾ,
ਹੋ ਮੇਰਿਆ ਰੱਬਾ।

ਮਾਂ ਮੇਰੀ ਮੈਨੂੰ ਛੱਡਕੇ ਤੁਰ ਗਈ,
ਹੁਣ ਕੀਹਦੇ ਗਲ਼ ਲੱਗਾਂ।

ਰਾਤਾਂ ਨੂੰ ਮੈਂ ਰੋਂਦਾ ਰਹਿੰਦਾ,
ਮੈਨੂੰ ਨੀਂਦ ਨਾ ਆਵੇ।
ਉੱਠ ਜਾਂਦਾ ਕਦੀ ਪੈ ਜਾਂਦਾ,
ਮਾਂ ਦੀ ਯਾਦ ਸਤਾਵੇ।
ਮਾਂ ਬਾਜੋ ਇਹ ਪਈ ਹਵੇਲੀ,
ਸੁੰਨੀ ਓਏ ਰੱਬਾ।
ਮਾਂ ਮੇਰੀ ਮੈਨੂੰ ਛੱਡਕੇ ਤੁਰ ਗਈ,
ਹੁਣ ਕੀਹਦੇ ਗਲ਼ ਲੱਗਾਂ।

ਅੱਖਾਂ ਦੇ ਵਿੱਚੋਂ ਹੰਝੂ ਡੁੱਲਦੇ,
ਜਦੋਂ ਮਾਂ ਦੀ ਯਾਦ ਸਤਾਵੇ।
ਜੇ ਮਾਂ ਹੁੰਦੀ ਅੱਜ ਵਰਾ ਲੈਂਦੀ,
ਹੁਣ ਪਰਮ ਨੂੰ ਕੌਣ ਵਰਾਵੇ।
ਮਾਂਵਾ ਠੰਡੀਆਂ ਛਾਂਵਾਂ ਨੇ,
ਛਾਂਵਾ ਹੁਣ ਕੌਣ ਕਰੇ।
ਹੋ ਮੇਰਿਆ ਰੱਬਾ।

ਮਾਂ ਮੇਰੀ ਮੈਨੂੰ ਛੱਡਕੇ ਤੁਰ ਗਈ,
ਹੁਣ ਕੀਹਦੇ ਗਲ਼ ਲੱਗਾਂ।

ਸਖੀਆਂ

ਮੇਰੇ ਖੇਡਣ ਦੇ ਦਿਨ ਚਾਰ ਨੀ ਅੰਮੀਏ,
ਮੇਰਾ ਸਖੀਆਂ ਦੇ ਨਾਲ ਪਿਆਰ ਨੀ ਅੰਮੀਏ।
ਇੱਕ ਦਿਨ ਛੱਡ ਜਾਣਾ ਮੈਂ ਦਰ ਤੇਰਾ,
ਨਾ ਮੈਨੂੰ ਝਿੜਕਾਂ ਮਾਰ ਨੀ ਅੰਮੀਏ।

ਮੇਰਾ ਕੁੱਝ ਕੁ ਪਲ ਦਾ ਵਾਸਾ ਏ,
ਮੇਰਾ ਰੋਣਾ ਏ ਮੇਰਾ ਹਾਸਾ ਏ।
ਤੇਰੀਆਂ ਡੇਕਾਂ ਤੇ ਆਲ੍ਹਣੇ ਰਹਿ ਜਾਣੇ,
ਮੈਂ ਲੰਘ ਜਾਣੇ ਕਈ ਪਿੰਡ ਪਾਰ ਨੀ ਅੰਮੀਏ।

ਮੈਂ ਚਿੜੀਆਂ ਵਰਗੀ ਬੜੇ ਦੁੱਖ ਹੰਢਾਵਾਂਗੀ,
ਦੱਸ ਖਾ ਮੈਨੂੰ ਭੋਲੀ ਨੂੰ ਮੈਂ ਕਿੰਝ ਜਾਨ ਬਚਾਵਾਂਗੀ,
ਇਹ ਕਾਵਾਂ ਦੀਆਂ ਡਾਰਾਂ ਨੇ.
ਮੈਨੂੰ ਇੱਕ ਦਿਨ ਦੇਣਾ ਮਾਰ ਨੀ ਅੰਮੀਏ।

ਤੂੰ ਕੁੱਖ ਵਿੱਚ ਮੈਨੂੰ ਮਾਰੀ ਨਾ।
ਮੇਰੇ ਸੁਫ਼ਨੇ ਇੰਝ ਉਜਾੜੀ ਨਾ।
ਮੈਨੂੰ ਪੁੱਤਾਂ ਵਾਗੂੰ ਪਿਆਰ ਦੇਵੀਂ,
ਮੈਨੂੰ ਸਮਝੀਂ ਇੱਕੋ ਸਾਰ ਨੀ ਅੰਮੀਏ।

ਇੱਕ ਦਿਨ ਛੱਡ ਜਾਣਾ ਮੈਂ ਦਰ ਤੇਰਾ,
ਨਾ ਮੈਨੂੰ ਝਿੜਕਾਂ ਮਾਰ ਨੀ ਅੰਮੀਏ।

ਅਸੀਸ

ਦੇਵੀਂ ਮੈਨੂੰ ਕੋਈ ਅਸੀਸ ਮਾਂ ਮੇਰੀਏ।
ਨੀ ਮੈਂ ਤੇਰੀ ਕੁੱਖੋਂ ਜੰਮਾਂ,
ਮਰ ਜਾਣ ਤੋਂ ਵੀ ਬਾਅਦ।

ਰਾਤੀਂ ਬਨੇਰਿਆਂ ਦੇ ਉੱਤੇ,
ਕੋਈ ਦੀਵਾ ਵੀ ਨਾ ਜਗਦਾ।
ਮੇਰਾ ਤੇਰੇ ਤੋਂ ਬਗੈਰ ਮਾਂ,
ਦਿਲ ਨਹੀਓਂ ਲੱਗਦਾ।
ਮੈਥੋਂ ਸੋਇਆ ਵੀ ਨਾ ਜਾਂਦਾ,
ਅੱਖਾਂ ਭਰ ਜਾਣ ਤੋਂ ਵੀ ਬਾਅਦ।

ਦੇਵੀਂ ਮੈਨੂੰ ਕੋਈ ਅਸੀਸ ਮਾਂ ਮੇਰੀਏ।
ਨੀ ਮੈਂ ਤੇਰੀ ਕੁੱਖੋਂ ਜੰਮਾਂ,
ਮਰ ਜਾਣ ਤੋਂ ਵੀ ਬਾਅਦ।

ਮੈਨੂੰ ਘਰ ਵੀ ਨਾ ਲੱਭੇ,
ਨੀ ਮੈਂ ਰਾਹਾਂ ਵਿੱਚ ਖੋ ਗਿਆ।
ਕਿਸੇ ਰੁੱਖ ਨਾਲ ਲੱਗ ਰਾਤੀਂ,
ਨੀ ਮੈਂ ਬਾਹਾਂ ਵਿੱਚ ਸੌਂ ਗਿਆ।
ਜਦੋਂ ਕਿਸੇ ਨੇ ਉਠਾਇਆ,
ਫਿਰ ਦਰ ਚੇਤੇ ਆਇਆ.
ਘਰ ਜਾਣ ਤੋਂ ਵੀ ਬਾਅਦ।

ਦੇਵੀਂ ਮੈਨੂੰ ਕੋਈ ਅਸੀਸ ਮਾਂ ਮੇਰੀਏ।
ਨੀ ਮੈਂ ਤੇਰੀ ਕੁੱਖੋਂ ਜੰਮਾਂ,
ਮਰ ਜਾਣ ਤੋਂ ਵੀ ਬਾਅਦ।

ਨੀ ਮੈਂ ਤੇਰਿਆਂ ਖਿਆਲਾਂ ਵਿੱਚ,
ਫੇਰ ਖੋ ਗਿਆ।
ਪਾਣੀ ਅੱਖੀਆਂ ਚੋਂ ਤਿੱਪ-ਤਿੱਪ,
ਫੇਰ ਚੋ ਗਿਆ।
ਹਾਏ ਮੈਂ ਵਿੱਚੇ ਖੁੱਬ ਜਾਂਵਾ,
ਨੀ ਮੈਂ ਫਿਰ ਡੁੱਬ ਜਾਵਾਂ,
ਤਰ ਜਾਣ ਤੋਂ ਵੀ ਬਾਅਦ।

ਦੇਵੀਂ ਮੈਨੂੰ ਕੋਈ ਅਸੀਸ ਮਾਂ ਮੇਰੀਏ।
ਨੀ ਮੈਂ ਤੇਰੀ ਕੁੱਖੋਂ ਜੰਮਾਂ,
ਮਰ ਜਾਣ ਤੋਂ ਵੀ ਬਾਅਦ।

ਮੇਲੇ

ਬਸ ਮੇਲੇ ਵਿੱਚ ਘੋਲ਼ ਤੇ,
ਜ਼ਿਆਦਾ ਤਾਂ ਨਚਾਰ ਹੁੰਦੇ।

ਦੁੱਕੀਆਂ ਚਵਾਨੀਆਂ ਨਾ,
ਮੇਲੇ ਵੇਖ ਆਉਂਦੇ ਸੀ।
ਮੇਲੇ ਵਿੱਚ ਜਾਕੇ ਫਿਰ,
ਕਵੀਸ਼ਰੀ ਵੀ ਗਾਉਂਦੇ ਸੀ।
ਕੱਠੇ ਹੋਕੇ ਜਾਂਦੇ ਸਾਰੇ,
ਮੋਹ ਵੀ ਜਤਾਉਂਦੇ ਸੀ।
ਓਦੋਂ ਵੱਡੇ ਪਰਿਵਾਰ ਸੀ,
ਤੇ ਭਾਈਆਂ ਚ ਪਿਆਰ ਹੁੰਦੇ।

ਬਸ ਮੇਲੇ ਵਿੱਚ ਘੋਲ਼ ਤੇ,
ਜ਼ਿਆਦਾ ਤਾਂ ਨਚਾਰ ਹੁੰਦੇ।

ਗੱਡਿਆਂ ਨੂੰ ਜੋੜ ਲੈਂਦੇ,
ਬਲਦ ਸ਼ਿਗਾਰ ਕੇ।
ਨਿਆਣਿਆਂ ਨੂੰ ਚੁੱਕ ਲੈਂਦੇ,
ਮੋਢਿਆਂ ਤੇ ਹਾਰ ਕੇ।
ਅਖੀਰ ਨੂੰ ਹੀ ਤੁਰ ਪੈਂਦੇ,

ਕਈ ਨਜ਼ਰਾਂ ਉਤਾਰ ਕੇ।
ਬਹੁਤੀ ਹੀ ਸ਼ਕੀਨੀ ਲਾਉਂਦੇ,
ਮਸਾਂ ਮਸਾਂ ਤਿਆਰ ਹੁੰਦੇ।

ਬਸ ਮੇਲੇ ਵਿੱਚ ਘੋਲ਼ ਤੇ,
ਜ਼ਿਆਦਾ ਤਾਂ ਨਚਾਰ ਹੁੰਦੇ।

ਮੇਲੇ ਵਿੱਚ ਲੱਡੂ ਪੇੜੇ,
ਤੇ ਜਲੇਬੀਆਂ ਦਾ ਪੂਰ ਹੁੰਦਾ।
ਜੀਹਦੀ ਲਾਈ ਹੁੰਦੀ ਘੁੱਟ,
ਉਹਨੂੰ ਮੱਠਾ ਜਾ ਸਰੂਰ ਹੁੰਦਾ।
ਇੱਕ ਗੱਲ ਸੱਚੀ ਆਖਾਂ,
ਨਾ ਕਿਸੇ ਚ ਗਰੂਰ ਹੁੰਦਾ।
ਰਾਤ ਤੱਕ ਬੈਠੇ ਰਹਿੰਦੇ,
ਕੱਠੇ ਯਾਰਾਂ ਨਾਲ ਯਾਰ ਹੁੰਦੇ।

ਬਸ ਮੇਲੇ ਵਿੱਚ ਘੋਲ਼ ਤੇ,
ਜ਼ਿਆਦਾ ਤਾਂ ਨਚਾਰ ਹੁੰਦੇ।

ਮੇਲੇ ਵਿੱਚ ਬਹੁਤੇ ਨਹੀਂ,
ਦ੍ਰਿਸ਼ ਇੱਕ ਦੋ ਰੰਗੀਨ ਹੁੰਦੇ।
ਪਰ ਸੱਚੇ ਸੀ ਪਿਆਰ,
ਓਦੋਂ ਬੜੇ ਹੀ ਯਕੀਨ ਹੁੰਦੇ।
ਖੜੇ ਹੱਟੀਆਂ ਤੇ ਮੁੰਡੇ,
ਛੱਲਿਆਂ ਦੇ ਸ਼ੁਕੀਨ ਹੁੰਦੇ।
ਤਾਹੀਓਂ ਮੋਹ ਐਨਾ ਹੁੰਦਾ,
ਪੱਕੇ ਕੌਲ ਤੇ ਕਰਾਰ ਹੁੰਦੇ।

ਬਸ ਮੇਲੇ ਵਿੱਚ ਘੋਲ ਤੇ,
ਜ਼ਿਆਦਾ ਤਾਂ ਨਚਾਰ ਹੁੰਦੇ।

ਗੱਲ ਪਿੰਡਾਂ ਦੀ

ਮੈਂ ਵੇਖਕੇ ਬਾਪੂ ਵਰਗੇ ਨੂੰ,
ਉਹਦੇ ਪੈਰਾਂ ਵੱਲ ਝੁਕ ਜਾਂਦਾ ਹਾਂ।
ਜਦ ਖੁੰਡਾਂ ਤੇ ਗੱਲਾਂ ਚੱਲਦੀਆਂ ਨੇ,
ਮੈਂ ਜਾਂਦਾ ਜਾਂਦਾ ਰੁਕ ਜਾਂਦਾ ਹਾਂ।

ਮੈਂ ਗੱਲ ਕਰਾਂ ਮੇਰੇ ਪਿੰਡਾਂ ਦੀ,
ਜਿੱਥੇ ਸੱਥਾਂ ਚ ਬਾਬੇ ਬਹਿੰਦੇ ਨੇ।
ਤੁਸੀਂ ਸਮੇਂ ਦੇ ਹਾਣੀ ਹੋ ਜਾਵੋ,
ਜੋ ਹਰ ਗੱਲ ਸੱਚੀ ਕਹਿੰਦੇ ਨੇ।

ਮੈਂ ਦਿਲ ਲਾ ਇੰਨ੍ਹਾਂ ਨੂੰ ਸੁਣਦਾ ਹਾਂ,
ਤੇ ਬੜੇ ਤਜ਼ਰਬੇ ਸਿੱਖਦਾ ਹਾਂ।
ਮੈਂ ਬੈਠਕੇ ਵਿੱਚ ਬਜ਼ੁਰਗਾਂ ਦੇ,
ਫਿਰ ਸੱਚ ਇੰਨ੍ਹਾਂ ਦਾ ਲਿਖਦਾ ਹਾਂ।

ਇੱਥੇ ਤਾਸ਼ ਦੀ ਬਾਜੀ ਚੱਲਦੀ ਏ,
ਜਦ ਮੈਂ ਸ਼ਾਮ ਨੂੰ ਮੁੜਦਾ ਹਾਂ।
ਮੇਰੀ ਰੂਹ ਇੰਨ੍ਹਾਂ ਨਾਲ ਰਲਦੀ ਏ।
ਜਦ ਸੱਥਾਂ ਦੇ ਨਾਲ ਜੁੜਦਾ ਹਾਂ।

ਤਰਪਾਈਆਂ

ਦੂਰ ਤੇਰੇ ਨਾਲ ਨਾਤਾ ਮੇਰਾ,
ਕੋਈ ਜੁੜ ਗਿਆ ਲੱਗਦਾ ਏ।
ਆਕੇ ਦਿਲ ਦਹਿਲੀਜ ਮੇਰੀ ਤੇ,
ਹੁਣ ਮੁੜ ਗਿਆ ਲੱਗਦਾ ਏ।

ਏ ਚੁੰਨੀਆਂ ਦੀਆਂ ਕੰਨੀਆਂ ਤੇ,
ਮੈਂ ਸਿਤਾਰੇ ਜੜਦੀ ਆਂ।
ਤੇਰੀ ਰੂਹ ਨਜ਼ਰ ਮੈਨੂੰ ਆਵੇ,
ਮੈਂ ਜਦ ਚਿੱਠੀਆਂ ਪੜ੍ਹਦੀ ਆਂ।

ਮੈਂ ਸੂਹੇ, ਗੁਲਾਬੀ, ਨੀਲੇ ਰੰਗ,
ਚੁੰਨੀਆਂ ਨੂੰ ਕਰਵਾਏ ਵੇ।
ਮੈਂ ਚਿੜੀਆਂ ਘੁੱਗੀਆਂ ਦੇ ਖੰਭ,
ਕੁੜਤੀ ਤੇ ਘਢਵਾਏ ਵੇ।

ਤੁਰ ਜਾਵਾਂ ਮੈਂ ਨਾਲ ਤੇਰੇ,
ਪਾਕੇ ਚੂੜਾ ਵਿੱਚ ਕਲਾਈਆਂ ਵੇ।
ਹੁਣ ਮੈਂ ਚਾਵਾਂ ਨਾਲ ਸੂਟਾਂ ਤੇ,
ਕਰਦੀ ਹਾਂ ਤਰਪਾਈਆਂ ਵੇ।



ਕੂੰਜਾਂ

ਤੂੰ ਆਕੇ ਵੇਖ ਸਾਡਾ ਕੀ ਬੁਰਾ ਹਾਲ ਹੋਇਆ,
ਸਾਡੇ ਦਿਲ ਦੇ ਦੁੱਖੜੇ ਫੋਲ ਮਾਹੀਆ।
ਹੱਥ ਫੜਕੇ ਮੰਜ਼ਿਲਾਂ ਤੱਕ ਪਹੁੰਚਾ ਸਾਨੂੰ,
ਐਵੇ ਰਾਹਾਂ ਵਿੱਚ ਨਾ ਸਾਨੂੰ ਰੋਲ ਮਾਹੀਆਂ।

ਬਾਗਾਂ ਵਿੱਚੋਂ ਆਵੇ ਮਹਿਕ ਚੰਦਨ ਦੀ,
ਨਜ਼ਾਰੇ ਲੈਂਦੇ ਨੇ ਫੁੱਲਾਂ ਉੱਤੇ ਭੌਰ ਮਾਹੀਆ।
ਅਸੀਂ ਚਾਵਾਂ ਦੀਆਂ ਗੁੱਡੀਆਂ ਉਡਾਈਆਂ,
ਸਾਡੀ ਟੁੱਟ ਗਈ ਆਸਾਂ ਵਾਲੀ ਡੋਰ ਮਾਹੀਆ।

ਕੂੰਜਾਂ ਉੱਡ ਚੱਲੀਆਂ ਆਪਣੇ ਦੇਸ਼ਾਂ ਨੂੰ,
ਮੁੱਕ ਚੱਲਿਆ ਚਿੜੀਆਂ ਦਾ ਸ਼ੋਰ ਮਾਹੀਆ।
ਬੈਠੇ ਹਿੰਦ ਵਿੱਚ ਪਾਕਿ ਨੂੰ ਰੋਣ ਲੋਕੀਂ,
ਵੱਖ ਹੋ ਗਿਆ ਪੰਜਾਬ ਤੋਂ ਲਾਹੌਰ ਮਾਹੀਆ।

ਸਾਂਝੀ

ਮੈਂ ਬੈਠੀ ਵਿੱਚ ਪ੍ਰਦੇਸਾਂ ਦੇ,
ਮੈਂ ਮਾਂ ਤੈਨੂੰ ਚੇਤੇ ਕਰਦੀ ਆਂ।

ਅੱਜ ਚੇਤੇ ਆ ਗਏ ਨੇ,
ਨੀ ਮੇਰੇ ਗੁੱਡੀਆਂ ਪਟੋਲੇ ਸਾਰੇ।
ਜੋ ਸਾਂਝੀ ਲਾਵਨ ਵੇਲੇ ਨੀ,
ਮੈਂ ਬਣਾਏ ਮਿੱਟੀ ਦੇ ਤਾਰੇ।
ਉਹਨਾਂ ਤਾਰਿਆਂ ਵਿੱਚ ਨੀ,
ਮੈਂ ਸੂਹੇ ਰੰਗਾਂ ਨੂੰ ਭਰਦੀ ਆਂ

ਮੈਂ ਬੈਠੀ ਵਿੱਚ ਪ੍ਰਦੇਸਾਂ ਦੇ,
ਮੈਂ ਮਾਂ ਤੈਨੂੰ ਚੇਤੇ ਕਰਦੀ ਆਂ।

ਮੇਰੇ ਸੁਪਨੇ 'ਚ ਆਉਦੀਆਂ ਨੇ,
ਜੋ ਮੈਂ ਪੀਘਾਂ ਝੂਟਾਈਆਂ ਨੀ।
ਜੋ ਕੰਧਾਂ ਕੱਚੀਆਂ ਦੇ ਓਹਲੇ,
ਖੇਲੀਆਂ ਲੁਕਣ ਮਚਾਈਆਂ ਨੀ।
ਜਦ ਮੈਂ ਫੜਨ ਫੜੀਕੇ 'ਚ,
ਸੁੱਖੀ ਨੂੰ ਫੜਦੀ ਆਂ।

ਮੈਂ ਬੈਠੀ ਵਿੱਚ ਪ੍ਰਦੇਸਾਂ ਦੇ,
ਮੈਂ ਮਾਂ ਤੈਨੂੰ ਚੇਤੇ ਕਰਦੀ ਆਂ।

ਮੇਰੇ ਬਚਪਨ ਦੀਆਂ ਗੁੱਡੀਆਂ,
ਤੂੰ ਕਿੱਥੇ ਸਾਂਭ ਕੇ ਰੱਖੀਆਂ ਨੀ।
ਉਹ ਕਿੱਥੇ ਤੋਰ ਤੀਆਂ,
ਜੋ ਹਾਏ ਮੇਰੀਆਂ ਸਖੀਆਂ ਨੀ।
ਮੈਨੂੰ ਕੋਈ ਨਾ ਮਿਲਦੀ ਏ,
ਮੈਂ ਜਦ ਅੰਦਰ ਵੜਦੀ ਆਂ।

ਮੈਂ ਬੈਠੀ ਵਿੱਚ ਪ੍ਰਦੇਸਾਂ ਦੇ,
ਮੈਂ ਮਾਂ ਤੈਨੂੰ ਚੇਤੇ ਕਰਦੀ ਆਂ।

ਸਵੈਟਰ

ਇਹ ਸੋਹਣੇ ਪੁੱਤ ਬਾਪੂ ਦੇ,
ਜਿਉਂਦੇ ਰਹਿਣ ਹਮੇਸ਼ਾ।
ਇਹ ਕੰਧਾਂ ਇਹ ਕੌਲਿਆਂ ਤੇ,
ਸਿਰਨਾਵੇ ਪਾਉਂਦੇ ਰਹਿਣ ਹਮੇਸ਼ਾ।

ਕੀ ਪਤਾ ਮੇਰੀ ਅੰਮੜੀ ਨੇ,
ਮੇਰੇ ਲਈ ਕਿੰਨੇ ਖ਼ਾਬ ਚੁਣੇ।
ਪਾ ਸਵੈਟਰ ਨਿੱਘ ਆ ਗਿਆ ਹਿੱਕੜੀ ਨੂੰ,
ਪਤਾ ਨੀ ਭੈਣ ਮੇਰੀ ਨੇ ਕੀ-ਕੀ ਰੰਗ ਬੁਣੇ।

ਮਿਸ਼ਰੀ ਵਰਗੇ ਬੋਲ ਤੇਰੇ,
ਤੂੰ ਇੰਨ੍ਹਾਂ ਰੰਗਾਂ ਦੇ ਵਿੱਚ ਘੋਲ ਦੇਵੀਂ।
ਮੈਂ ਪਾਂਵਾ ਜਦ ਮਹਿਕਾਂ ਆਵਣ,
ਤੂੰ ਆਪਣੇ ਹਾਸੇ ਅਤਰ ਵੀ ਡੋਲ ਦੇਵੀਂ।

ਮੈਨੂੰ ਦੱਸ ਖਾਂ ਭੈਣੇ ਨੀ,
ਤੂੰ ਬੁਣਿਆਂ ਕਿੰਨਿਆਂ ਚਾਵਾਂ ਨਾਲ।
ਤੂੰ ਕੁਦਰਤ ਵਰਗੀ ਲਗਦੀ ਏ,
ਤੇਰਾ ਕੀ ਰਿਸ਼ਤਾ ਹਵਾਵਾਂ ਨਾਲ।



ਭੈਣੇ ਮੇਰੀਏ

ਨੀ ਭੈਣੇ ਮੇਰੀਏ,
ਦੱਸ ਦਾਜ ਵਿੱਚ ਦਿਆਂ ਤੈਨੂੰ ਕੀ।

ਹਾਏ ਤੋਤਿਆਂ ਦੇ ਖੰਭ,
ਲੈਕੇ ਤੇਰੇ ਲਈ ਆਵਾਂ ਮੈਂ,
ਆ ਚੁੰਨੀ ਦੀਆਂ ਕੰਨੀਆਂ ਤੇ,
ਕੌਡੀਆਂ ਲਗਾਵਾਂ ਮੈਂ,
ਤੂੰ ਧਾਗੇ ਚ ਪਰੋਕੇ ਇਹਨੂੰ ਚੁੰਨੀ ਨਾਲ ਸੀ।
ਨੀ ਭੈਣੇ ਮੇਰੀਏ,
ਦੱਸ ਦਾਜ ਵਿੱਚ ਦਿਆਂ ਤੈਨੂੰ ਕੀ।

ਪੰਜ ਤੈਨੂੰ ਸੂਟ ਦੇਵਾਂ,
ਦਾਜ ਵਿੱਚ ਜਰੀ ਦੇ।
ਪਰਾਂਦੇ ਦੀ ਥਾਂ ਗੁੰਦ ਦੇਵਾਂ,
ਸਿੱਟੇ ਨੀ ਮੈਂ ਚਰੀ ਦੇ।
ਮੈਂ ਤਾਰਿਆਂ ਨੂੰ ਤੋੜਕੇ ਲੈ ਆਵਾਂ ਤੇਰੇ ਲਈ।
ਨੀ ਭੈਣੇ ਮੇਰੀਏ,
ਦੱਸ ਦਾਜ ਵਿੱਚ ਦਿਆਂ ਤੈਨੂੰ ਕੀ।

ਜਿਹੜਾ ਕੁੱਝ ਚਾਹੀਦਾ,
ਐਵੇ ਨਾ ਤੂੰ ਸੰਗ ਨੀ।
ਇੱਕੋ ਇੱਕ ਵੀਰ ਤੇਰਾ,
ਤੂੰ ਖੁਸ਼ ਹੋਕੇ ਮੰਗ ਨੀ।
ਰੀਝਾਂ ਨੂੰ ਪੁਗਾਕੇ ਤੂੰ ਜ਼ਿੰਦਗੀ ਨੂੰ ਜੀ।
ਨੀ ਭੈਣੇ ਮੇਰੀਏ,
ਦੱਸ ਦਾਜ ਵਿੱਚ ਦਿਆਂ ਤੈਨੂੰ ਕੀ।



ਪੰਜਾਬ-2

ਖੁਸ਼ੀਆਂ ਦਾ ਦਿਨ ਅੱਜ,
ਛੇੜੋ ਰਾਗ ਕੋਈ ਰਬਾਬ ਤੇ।
ਸੋਹਣੀਆਂ-ਸੋਹਣੀਆਂ ਧੀਆਂ ਜੰਮਣ,
ਮਾਂਵਾਂ ਸਦਾ ਹੀ ਪੰਜਾਬ ਤੇ।

ਖੁਸ਼ੀਆਂ ਦਾ ਦਿਨ ਅੱਜ,
ਗਾਓ ਘੋੜੀਆਂ ਤੇ ਗੀਤ ਕੋਈ।
ਮੇਰਾ ਰੱਬ ਡਾਢਾ ਖੈਰ ਕਰੇ,
ਟੁੱਟੀ ਜੁੜਜੇ ਪ੍ਰੀਤ ਕੋਈ।

ਖੁਸ਼ੀਆਂ ਦਾ ਦਿਨ ਅੱਜ,
ਆਜੋ ਆਪਾਂ ਸਾਰੇ ਨੱਚੀਏ।
ਹੋਕੇ ਕੱਠੇ ਬੈਠ ਜਾਈਏ,
ਹਾਲ ਦਿਲਾਂ ਦੇ ਹਾਏ ਦੱਸੀਏ।

ਖੁਸ਼ੀਆਂ ਦਾ ਦਿਨ ਅੱਜ,
ਜਾਕੇ ਪੁੱਛੋ ਕੋਈ ਝਨਾਬ ਨੂੰ।
ਕੀਹਦੀ ਹਾਏ ਨਜ਼ਰ ਲੱਗੀ,
ਮੇਰੇ ਰੰਗਲੇ ਪੰਜਾਬ ਨੂੰ।

ਬਾਬੇ

ਮੈਨੂੰ ਪਿੰਡ ਮੇਰੇ ਦੀਆਂ ਸੱਥਾਂ,
ਤੇ ਮੇਰੇ ਬਾਬੇ ਚੇਤੇ ਆ ਗਏ ਨੇ।
ਉਹ ਮਾਂ ਮੇਰੀ ਦੇ ਪੂੜੇ,
ਤੇ ਹਾਏ ਛਾਬੇ ਚੇਤੇ ਆ ਗਏ ਨੇ।

ਘਰ ਮੇਰੇ ਦੀਆਂ ਕੱਚੀਆਂ ਕੰਧਾਂ,
ਉਹ ਸਬਾਤਾਂ ਚੇਤੇ ਆਉਂਦੀਆਂ ਨੇ।
ਮੈਂ ਮਾਂ ਮੇਰੀ ਦੇ ਨਾਲ ਜੋ ਕੱਟੀਆਂ,
ਉਹ ਰਾਤਾਂ ਚੇਤੇ ਆਉਂਦੀਆਂ ਨੇ।

ਪਿੰਡ ਮੇਰੇ ਦੀ ਰੌਣਕ ਬਾਪੂ,
ਤੇ ਮੇਰਾ ਤਾਇਆ ਚੇਤੇ ਆਉਂਦਾ ਏ।
ਸੁੰਨੀਆਂ ਹੋ ਗਈਆਂ ਸੱਥਾਂ ਸਾਰੀਆਂ,
ਬਸ ਇੱਕ ਸਾਇਆ ਚੇਤੇ ਆਉਂਦਾ ਏ।



ਕਮਾਈਆਂ

ਇੱਕ ਸਾਡੀ ਖਾਤਰ ਬਾਪੂ,
ਦਿਨ ਰਾਤ ਕਮਾਈਆਂ ਕਰਦਾ ਰਿਹਾ।

ਬੜੇ ਸਿਆਲ ਹੰਢਾਏ,
ਬੜੇ ਹਾੜ, ਹੰਢਾਏ,
ਉਹ ਮਿੱਟੀ ਦੇ ਨਾਲ ਮਿੱਟੀ ਹੋਕੇ,
ਧੁੱਪਾਂ ਦੇ ਵਿੱਚ ਸੜਦਾ ਰਿਹਾ।

ਇੱਕ ਸਾਡੀ ਖਾਤਰ ਬਾਪੂ,
ਦਿਨ ਰਾਤ ਕਮਾਈਆਂ ਕਰਦਾ ਰਿਹਾ।

ਕਿਵੇਂ ਪੜ੍ਹਾਇਆ ਬਾਪੂ ਨੇ,
ਮੈਨੂੰ ਸੀਰੀ ਰਲ਼ ਰਲ਼ ਕੇ।
ਖ਼ੁਦ ਨੂੰ ਕਰਲਿਆ ਪੱਕਾ,
ਧੁੱਪਾਂ ਦੇ ਵਿੱਚ ਤਲ਼ ਤਲ਼ ਕੇ।
ਕਿਤੇ ਪੁੱਤ ਨਾ ਹੋਜੇ ਵੈਲੀ,
ਬਸ ਏਸੇ ਗੱਲੋਂ ਡਰਦਾ ਰਿਹਾ।

ਇੱਕ ਸਾਡੀ ਖਾਤਰ ਬਾਪੂ,
ਦਿਨ ਰਾਤ ਕਮਾਈਆਂ ਕਰਦਾ ਰਿਹਾ।

ਹਾੜਾਂ ਦੇ ਵਿੱਚ ਪੈਰੋਂ ਨੰਗਾ,
ਧੁੱਪਾਂ ਨੂੰ ਨਾ ਗੌਲ਼ਦਾ ਸੀ।
ਹਰ ਹਾਲਤ ਵਿੱਚ ਸਾਡੇ ਲਈ ਹੀ,
ਸਭ ਕੁੱਝ ਰਿਹਾ ਜੋੜਦਾ ਸੀ।
ਪੋਹ ਮਹੀਨੇ ਠੁਰ-ਠੁਰ ਕਰਦਾ,
ਠੰਢਾਂ ਦੇ ਵਿੱਚ ਠਰਦਾ ਰਿਹਾ।

ਇੱਕ ਸਾਡੀ ਖਾਤਰ ਬਾਪੂ,
ਦਿਨ ਰਾਤ ਕਮਾਈਆਂ ਕਰਦਾ ਰਿਹਾ।

ਮੈਨੂੰ ਟਿੰਡਾਂ ਦੇ ਵਾਗੂੰ ਅੱਗੇ ਲਾਕੇ,
ਆਪ ਪਿੱਛੇ ਉਹ ਤੁਰਦਾ ਸੀ।
ਐਨੀ ਕਮਾਈ ਖੇਤਾਂ ਵਿੱਚ ਕੀਤੀ,
ਉਹ ਬਲਦਾਂ ਦੀ ਥਾਂ ਜੁੜਦਾ ਸੀ।
ਖ਼ੁਦ ਨੂੰ ਕਰਕੇ ਖਾਲੀ,
ਮੈਨੂੰ ਫਿਰ ਵੀ ਬਾਪੂ ਭਰਦਾ ਰਿਹਾ।

ਇੱਕ ਸਾਡੀ ਖਾਤਰ ਬਾਪੂ,
ਦਿਨ ਰਾਤ ਕਮਾਈਆਂ ਕਰਦਾ ਰਿਹਾ।



ਬ਼ਲਦ

ਰੁਲ ਜਾਵਣਗੇ ਤੇਰੇ ਬ਼ਲਦ ਵਿਚਾਰੇ ਓਏ ਜੱਟਾ।
ਬੜੇ ਵਾਹੇ ਸੀ ਧੁੱਪੇ ਤੇਰੇ ਕਿਆਰੇ ਓਏ ਜੱਟਾ।
ਸਾਨੂੰ ਛੱਡਕੇ ਆਪ ਦੱਸ ਤੂੰ ਕਿੱਥੇ ਚੱਲਿਆ ਈ,
ਅਸੀਂ ਸਮਝਦੇ ਆਂ ਕਰਜ਼ ਤੇਰੇ ਤੇ ਭਾਰੇ ਓਏ ਜੱਟਾ।

ਅਸੀਂ ਕੁੱਝ ਨਾ ਮੂੰਹੋਂ ਬੋਲੇ,
ਤੂੰ ਭਾਵੇਂ ਛਮਕਾਂ ਮਾਰ ਲਈਆਂ।
ਅਸੀਂ ਦੱਬਕੇ ਵਾਹੀ ਕੀਤੀ,
ਚੋਟਾਂ ਪਿੰਡੇ ਸਹਾਰ ਲਈਆਂ।
ਅਸੀਂ ਕਦੀ ਮੁੱਖ ਨਾ ਮੋੜਿਆ,
ਨਾ ਕਦੀ ਹਾਰੇ ਓਏ ਜੱਟਾ।

ਤੂੰ ਖੁਦਕੁਸ਼ੀ ਨਾ ਕਰਦਾ,
ਅਸੀਂ ਦੱਬਕੇ ਵਾਹੀ ਕਰਦੇ ਓਏ।
ਤੂੰ ਪੁੱਤ ਪਾਲ਼ਦਾ ਆਪਣੇ,
ਅਸੀਂ ਤੇਰੀ ਥਾਂ ਤੇ ਮਰਦੇ ਓਏ।
ਸਾਡੇ ਨਾਲੋਂ ਵੱਧਕੇ ਤੈਨੂੰ,
ਪੁੱਤ ਪਿਆਰੇ ਓਏ ਜੱਟਾ।

ਤੂੰ ਛੱਡਕੇ ਦੁਨੀਆਂ ਦਾਰੀ ਨੂੰ,
ਹਾਏ ਪਰਲੇ ਪਾਰ ਗਿਆ।
ਸਾਨੂੰ ਛੱਡ ਗਿਆ ਕੱਲੇ,
ਹਾਏ ਓਏ ਜਿਉਂਦੇ ਈ ਮਰ ਗਿਆਂ।
ਹੁਣ ਦੱਸ ਕੀਹਦੇ ਜੀਵਾਂਗੇ,
ਅਸੀਂ ਸਹਾਰੇ ਓਏ ਜੱਟਾ।

ਰੁਲ ਜਾਵਣਗੇ ਤੇਰੇ ਬਲਦ ਵਿਚਾਰੇ ਓਏ ਜੱਟਾ।
ਬੜੇ ਵਾਹੇ ਸੀ ਧੁੱਪੇ ਤੇਰੇ ਕਿਆਰੇ ਓਏ ਜੱਟਾ।
ਸਾਨੂੰ ਛੱਡਕੇ ਆਪ ਦੱਸ ਤੂੰ ਕਿੱਥੇ ਚੱਲਿਆ ਈ,
ਅਸੀਂ ਸਮਝਦੇ ਆਂ ਕਰਜ਼ ਤੇਰੇ ਤੇ ਭਾਰੇ ਓਏ ਜੱਟਾ।

ਇਨਸਾਫ਼

ਕੁੱਝ ਹਲਾਤ ਮਾਰ ਗਏ,
ਕੁੱਝ ਮਜਬੂਰੀਆਂ ਮਾਰ ਗਈਆਂ।
ਕੁੱਝ ਮਿਲਾਪ ਮਾਰ ਗਏ,
ਕੁੱਝ ਦੂਰੀਆਂ ਮਾਰ ਗਈਆਂ।

ਸਾਨੂੰ ਇਨਸਾਫ਼ ਮਿਲਿਆ ਨਾ,
ਸਾਨੂੰ ਧਰਨੇ ਮਾਰ ਗਏ।
ਕੁੱਝ ਟਾਹਲੀਆਂ ਦੇ ਟਾਹਣੇ,
ਸਾਨੂੰ ਪਰਨੇ ਮਾਰ ਗਏ।

ਕੁੱਝ ਕਾਨੂੰਨ ਮਾਰ ਗਏ।
ਸਾਨੂੰ ਇੰਨ੍ਹਾਂ ਸਰਕਾਰਾਂ ਦੇ।
ਇਹ ਪੁੱਤ ਨਿਗਲ ਗਏ ਸਾਡੇ,
ਕਈ ਘਰ ਹਜ਼ਾਰਾਂ ਦੇ।

ਮਾਪਿਆਂ ਨੇ ਪੁੱਤ ਵੱਡਾ ਕਰਕੇ,
ਪੜ੍ਹਨੇ ਪਾਇਆ ਸੀ।
ਬਣਾਉਣ ਲਈ ਉਥੇ ਜ਼ਿੰਦਗੀ,
ਨਾ ਕੇ ਮਰਨੇ ਪਾਇਆ ਸੀ।

ਚੁੱਲਾ

ਮੈਂ ਅੱਜ
ਮੇਰੀ ਬੇਬੇ ਦੇ ਹੱਥਾਂ ਤੋਂ ਬਣਾਏ ਗਏ ਚੁੱਲੇ ਦਾ
ਬਹੁਤ ਸਤਿਕਾਰ ਕਰਦਾਂ ਹਾਂ।
ਕਈ ਵਰ੍ਹਿਆਂ ਦੀ ਗੱਲ ਹੈ,
ਜਦੋਂ ਮੇਰੀ ਬੇਬੇ
ਪਿੰਡ ਤੋਂ ਇੱਕ ਮੀਲ ਦੂਰ,
ਮੱਝਾਂ ਦੇ ਛੱਪੜ 'ਚੋਂ ਮਿੱਟੀ ਲੈ ਕੇ ਆਈ,
ਜਿਸ ਤੋਂ ਉਸ ਨੇ
ਚੁੱਲੇ ਦਾ ਨਿਰਮਾਣ ਕੀਤਾ।
ਏਸ ਕੁਦਰਤ ਦੀਆਂ
ਚੱਲਦੀਆਂ ਹਵਾਵਾਂ ਤੇ
ਉਸ ਨੀਲੇ ਅਸਮਾਨ ਵਿੱਚ
ਤਪਦੇ ਹੋਏ
ਦੀਵੇ ਦੀ ਮੱਠੀ ਮੱਠੀ ਲੋਅ ਨੇ,
ਇਸ ਨੂੰ ਪਕਾ ਦਿੱਤਾ,
ਹਾੜ੍ਹ ਦੀਆਂ ਧੁੱਪਾਂ ਨੇ
ਏਸ ਨੂੰ ਆਪਣਾ ਬਣਾ ਲਿਆ।
ਇਹ ਅਪਣੇ ਆਪ ਨੂੰ ਅੱਗ ਵਿੱਚ ਭੁੰਨ ਕੇ
ਸਾਡੇ ਪੇਟ ਭਰਦਾ ਰਿਹਾ,
ਪਰ ਕਦੀ ਕਿਸੇ ਨੇ



ਏਸ ਦਾ ਹਾਲ ਨਾ ਪੁੱਛਿਆ।
ਜਦੋਂ ਕੋਈ
ਇਹਨਾਂ ਲਫ਼ਜਾਂ ਨੂੰ ਪੜ੍ਹਦਾ ਹੋਵੇਗਾ
ਤਾਂ ਉਸ ਨੂੰ ਆਪਣੇ ਘਰ ਵਿੱਚ ਬਣਾਏ ਗਏ ਚੁੱਲੇ ਦੀ ਯਾਦ ਜ਼ਰੂਰ ਆਈ ਹੋਵੇਗੀ...

ਕਰੀਰਾਂ ਦੀ ਮਹਿਕ

ਕੋਈ ਅਜ਼ਲਾਂ ਤੋਂ ਸਾਂਝ ਪੁਰਾਣੀ,
ਜੋ ਏਸ ਧਰਤ ਨਾਲ ਜੁੜਿਆ ਮੈਂ।
ਆਵੇ ਮਹਿਕ ਕਰੀਰਾਂ ਦੀ,
ਜਦ ਪਿੰਡ ਤੇਰੇ ਵੱਲ ਮੁੜਿਆ ਮੈਂ।

ਮੈਂ ਪਿੰਡ ਬੜੇ ਹੀ,
ਲੰਘ ਆਇਆ ਹਾਂ।
ਹੁਣ ਲਗਦਾ ਮੈਨੂੰ,
ਮੈਂ ਝੰਗ ਆਇਆ ਹਾਂ।
ਮੈਂ ਕਰਕੇ ਬੂਹਾ
ਬੰਦ ਆਇਆ ਹਾਂ।

ਰੱਖ ਲਵੀਂ ਮੈਨੂੰ ਦਿਲ ਵਿੱਚ ਆਪਣੇ,
ਹੁਣ ਮੈਂ ਵੀ ਪਿੱਛੇ ਮੁੜਨਾ ਨੀ।
ਮਿੱਟੀ ਹੋਣਾ ਪਿੰਡ ਤੇਰੇ ਵਿੱਚ,
ਕਿਸੇ ਹੋਰ ਰੇਤ ਨਾਲ ਜੁੜਨਾ ਨੀ।

ਇੱਥੇ ਰੇਤ ਦੇ ਟਿੱਬੇ,
ਪਹਾੜਾਂ ਵਰਗੇ।
ਗੂੜੇ ਸਿਆਲ ਵੀ,
ਹਾੜਾਂ ਵਰਗੇ।
ਭੜ੍ਹੀਆਂ ਉੱਤੇ,
ਝਾੜ੍ਹਾਂ ਵਰਗੇ।
ਜਦ ਬੁੱਕਲ ਦੇ ਵਿੱਚ,
ਲੈਕੇ ਸਭ ਨੂੰ ਤੁਰਿਆ ਮੈਂ।

ਆਵੇ ਮਹਿਕ ਕਰੀਰਾਂ ਦੀ,
ਜਦ ਪਿੰਡ ਤੇਰੇ ਵੱਲ ਮੁੜਿਆ ਮੈਂ।

ਮੈਂ ਰਾਹਾਂ ਦੇ ਵਿੱਚ,
ਵਣ ਵੀ ਵੇਖੇ।
ਮੈਂ ਟਿੱਬਿਆਂ ਤੇ
ਸਣ ਵੀ ਵੇਖੇ।
ਮੈਂ ਛੋਟੇ ਛੋਟੇ,
ਕਣ ਵੀ ਵੇਖੇ।
ਜਦ ਲੱਗ ਡਲਿਆਂ,
ਨਾਲ ਭੁਰਿਆ ਮੈਂ।
ਆਵੇ ਮਹਿਕ ਕਰੀਰਾਂ ਦੀ,
ਜਦ ਪਿੰਡ ਤੇਰੇ ਵੱਲ ਮੁੜਿਆ ਮੈਂ।

ਮਿੱਠੜੇ ਬੋਲ

ਤੂੰ ਲੈਜਾ ਮੈਨੂੰ ਨਾਲ ਮਾਹੀਆ,
ਵੇ ਤੇਰੇ ਮਿੱਠੜੇ ਬੋਲ ਪਿਆਰੇ।

ਵੇ ਬਾਗਾਂ ਵਿੱਚ ਖਿੜੀਆਂ,
ਹਾਏ ਸੂਹੀਆਂ ਬਹਾਰਾਂ ਨੇ।
ਪਿੱਪਲਾਂ ਤੇ ਪੀਘਾਂ ਜਿਵੇਂ,
ਝੂਟਦੀਆਂ ਨਾਰਾਂ ਨੇ।
ਤੂੰ ਇੱਕ ਵਾਰੀ ਖੜ ਵੇਖਜਾ,
ਮੇਰੇ ਗਿਣਜਾ ਤੂੰ ਪੀਂਘ ਦੇ ਹੁਲਾਰੇ।

ਤੂੰ ਲੈਜਾ ਮੈਨੂੰ ਨਾਲ ਮਾਹੀਆ,
ਵੇ ਤੇਰੇ ਮਿੱਠੜੇ ਬੋਲ ਪਿਆਰੇ।

ਵੇ ਸਾਰੀ-ਸਾਰੀ ਰਾਤ ਮੇਰੀ,
ਜਾਗ ਦਿਆਂ ਲੰਘ ਗਈ।
ਪਿਆਰ ਵਾਲੀ ਗੱਲ ਤੈਨੂੰ,
ਕਹਿਣੋ ਵੇ ਮੈਂ ਸੰਗ ਗਈ।
ਤੈਨੂੰ ਕੀ ਪਤਾ ਮੈਂ ਕਿਵੇਂ ਰਾਤਾਂ ਕੱਟਦੀ,
ਰਾਤਾਂ ਕੱਟਦੀ ਮੈਂ ਗਿਣ ਗਿਣ ਤਾਰੇ।



ਤੂੰ ਲੈਜਾ ਮੈਨੂੰ ਨਾਲ ਮਾਹੀਆ,
ਵੇ ਤੇਰੇ ਮਿੱਠੜੇ ਬੋਲ ਪਿਆਰੇ।

ਭੁੱਲ ਗਿਆ ਵਾਅਦੇ ਸਾਰੇ,
ਕੀਤੇ ਜੋ ਕਰਾਰ ਤੂੰ।
ਡੋਬ ਤਾ ਵਿਚਾਲੇ ਮੈਨੂੰ,
ਆਪ ਲੰਘ ਗਿਆ ਪਾਰ ਤੂੰ।
ਤੂੰ ਕਰ ਵਾਅਦੇ ਯਾਦ ਸੱਜਣਾ,
ਬੈਠ ਕੀਤੇ ਸੀ ਜੋ ਝਨਾ ਦੇ ਕਿਨਾਰੇ।

ਤੂੰ ਲੈਜਾ ਮੈਨੂੰ ਨਾਲ ਮਾਹੀਆ,
ਵੇ ਤੇਰੇ ਮਿੱਠੜੇ ਬੋਲ ਪਿਆਰੇ।

ਧੀਆਂ

ਨਾ ਕੁੱਖ ਵਿੱਚ ਮਾਰੋ ਧੀਆਂ,
ਏਹੀ ਸੰਸਾਰ ਬਣਾਉਦੀਆਂ ਨੇ।

ਕੁੱਝ ਚੰਦਰੇ ਲੋਕੀਂ ਨੇ,
ਜੋ ਕੁੱਖਾਂ ਵਿੱਚ ਮਾਰ ਦਿੰਦੇ।
ਇੱਥੇ ਅਮੀਰਾਂ ਤੋਂ ਜ਼ਿਆਦਾ,
ਗਰੀਬ ਧੀਆਂ ਨੂੰ ਪਿਆਰ ਦਿੰਦੇ।
ਇਹ ਕੀ ਕਰਨ ਗਰੀਬਣੀਆਂ,
ਇਹ ਵੀ ਜੀਣਾ ਚਾਹੁੰਦੀਆਂ ਨੇ।

ਨਾ ਕੁੱਖ ਵਿੱਚ ਮਾਰੋ ਧੀਆਂ,
ਏਹੀ ਸੰਸਾਰ ਬਣਾਉਦੀਆਂ ਨੇ।

ਇਹ ਵੀਰਾਂ ਦੇ ਕਰਕੇ,
ਆਪਣੀ ਜਾਨ ਗਵਾ ਦਿੰਦੀਆਂ।
ਇਹ ਬਾਬਲ ਦੇ ਵਿਹੜੇ,
ਵਿੱਚ ਰੌਣਕ ਲਾ ਦਿੰਦੀਆਂ।
ਜਦ ਵੀਰਾਂ ਦੇ ਵਿਆਹ ਤੇ,
ਇਹ ਘੋੜੀਆਂ ਗਾਉਂਦੀਆਂ ਨੇ।



ਨਾ ਕੁੱਖ ਵਿੱਚ ਮਾਰੋ ਧੀਆਂ,
ਏਹੀ ਸੰਸਾਰ ਬਣਾਉਦੀਆਂ ਨੇ।

ਇਹ ਪੇਕੇ ਘਰ ਵਿੱਚ ਰਹਿਕੇ,
ਵੀ ਤਾਂ ਕੰਮ ਤੇ ਜਾਂਦੀਆਂ ਨੇ।
ਇਹ ਸੌਹਰੇ ਘਰ ਵਿੱਚ ਰਹਿਕੇ,
ਵੀ ਤਾਂ ਝਿੜਕਾਂ ਖਾਂਦੀਆਂ ਨੇ।
ਫਿਰ ਬਾਬਲ ਦਾ ਪਿਆਰ,
ਤੇ ਮਾਵਾਂ ਚੇਤੇ ਆਉਂਦੀਆਂ ਨੇ।

ਨਾ ਕੁੱਖ ਵਿੱਚ ਮਾਰੋ ਧੀਆਂ,
ਏਹੀ ਸੰਸਾਰ ਬਣਾਉਦੀਆਂ ਨੇ।

ਸਦਾ ਨੀ ਰਹਿਣਾ ਇੱਥੇ,
ਇੰਨ੍ਹਾਂ ਮਾਂ ਦੀਆਂ ਜਾਈਆਂ ਨੇ।
ਨਾ ਝਿੜਕ ਕਮਲਿਆ ਵੇ,
ਇਹ ਕੁੱਝ ਦਿਨਾਂ ਲਈ ਆਈਆਂ ਨੇ।
ਬਣੇ ਬਣਾਏ ਛੱਡ ਤੁਰ ਜਾਣਾ,
ਫਿਰ ਨਵੇਂ ਘਰ ਵਸਾਉਂਦੀਆਂ ਨੇ।

ਨਾ ਕੁੱਖ ਵਿੱਚ ਮਾਰੋ ਧੀਆਂ,
ਏਹੀ ਸੰਸਾਰ ਬਣਾਉਦੀਆਂ ਨੇ।

ਕਿੱਕਰਾਂ ਦੇ ਫੁੱਲ

ਅੰਮੀਏ ਨੀ ਕਿੱਕਰਾਂ ਦੇ ਫੁੱਲਾਂ ਦੇ,
ਮੈਂ ਕੋਕਰੂ ਬਣਾ ਲਵਾਂ।
ਤੁੱਕਿਆਂ ਨੂੰ ਧਾਗੇ 'ਚ ਪਰੋਕੇ ਨੀ,
ਮੈਂ ਗਲ ਵਿੱਚ ਪਾ ਲਵਾਂ।

ਸਫੈਦੇ ਦੇ ਮੈਂ ਕੱਚੇ-ਕੱਚੇ ਸੱਕ ਨੂੰ ਉਤਾਰ ਕੇ,
ਨੀ ਫੇ ਮੈਂ ਚੁੰਨੀ ਦਿਆਂ ਲੜਾਂ ਨੂੰ ਸਿੰਗਾਰ ਕੇ,
ਨੀ ਮੈਂ ਗੁੱਤਾਂ ਵਿੱਚ ਸਖੀ ਤੋਂ ਗੁੰਦਾ ਲਵਾਂ।
ਅੰਮੀਏ ਨੀ ਕਿੱਕਰਾਂ ਦੇ ਫੁੱਲਾਂ ਦੇ,
ਮੈਂ ਕੋਕਰੂ ਬਣਾ ਲਵਾਂ।

ਉਹਨਾਂ ਤੂੰ ਰੁੱਤਾਂ ਦਾ ਖਿਆਲ ਰੱਖ ਲਈਂ,
ਜਦੋਂ ਬਾਂਸ ਨੂੰ ਲੱਗ ਦੇ ਨੇ ਫੁੱਲ ਅੰਮੀਏ।
ਸੂਫ ਦੀ ਸੁੱਥਣ ਤੇ ਡੋਰੇ ਮੈਂ ਲਗਾ ਲਉਂ,
ਰੱਖੀਂ ਚੇਤੇ ਵਿੱਚ ਨਾ ਜਾਂਵੀ ਭੁੱਲ ਅੰਮੀਏ।
ਤੇ ਨਾਲ ਸਿਲਕ ਦਾ ਸੂਟ ਵੀ ਸਵਾ ਲਵਾਂ।
ਅੰਮੀਏ ਨੀ ਕਿੱਕਰਾਂ ਦੇ ਫੁੱਲਾਂ ਦੇ,
ਮੈਂ ਕੋਕਰੂ ਬਣਾ ਲਵਾਂ।



ਲੋਗੜੀ ਦੇ ਫੁੱਲਾਂ ਨੂੰ ਮੈ,
ਗੁੱਟ ਤੇ ਸਜਾ ਲਉਂਗੀ।
ਲਾਚੀਆਂ ਨੂੰ ਕੁੱਟ ਕੇ ਮੈਂ,
ਅਤਰ ਬਣਾ ਲਉਂਗੀ।
ਲੈਕੇ ਪੰਜੀਆਂ ਦਾ ਲੌਂਗ,
ਨੀ ਮੈਂ ਕੋਕੇ ਚ ਜੜਾ ਲਵਾਂ।
ਅੰਮੀਏ ਨੀ ਕਿੱਕਰਾਂ ਦੇ ਫੁੱਲਾਂ ਦੇ,
ਮੈਂ ਕੋਕਰੂ ਬਣਾ ਲਵਾਂ।

ਆਲ੍ਹਣੇ

ਘਰ ਇੰਨ੍ਹਾਂ ਦੇ ਆਲ੍ਹਣੇ,
ਵੱਸਦੇ ਰਹਿਣ ਹਮੇਸ਼ਾ।
ਇਹ ਚਿੜੀਆਂ ਦੇ ਚਿਹਰੇ,
ਹੱਸਦੇ ਰਹਿਣ ਹਮੇਸ਼ਾਂ।

ਇਹ ਚਿੜੀਆਂ ਦੇ ਆਲ੍ਹਣੇ,
ਦੱਸ ਉਜਾੜ ਕੇ ਕੀ ਮਿਲਣਾ।
ਇਹ ਛੋਟੇ ਛੋਟੇ ਬੋਟਾਂ ਨੂੰ,
ਦੱਸ ਸਾੜਕੇ ਕੀ ਮਿਲਣਾ।
ਦੇ ਦੇਵੀ ਕੋਈ ਦੁਆ ਐਸੀ,
ਇਹ ਜਿਉਂਦੇ ਰਹਿਣ ਹਮੇਸ਼ਾ।
ਇਹ ਚਿੜੀਆਂ ਦੇ ਚਿਹਰੇ,
ਗਾਉਂਦੇ ਰਹਿਣ ਹਮੇਸ਼ਾਂ।

ਇਹ ਚਿੜੀਆਂ ਦੇ ਚਿਹਰੇ ਦੀ,
ਨਾ ਲਾਲੀ ਫਿੱਟ ਜਾਵੇ।
ਨਾ ਆਵੇ ਰੁੱਤ ਐਸੀ,
ਇੰਨ੍ਹਾਂ ਦੀ ਹਸਤੀ ਮਿਟ ਜਾਵੇ।
ਜੇ ਗ਼ਮ ਹੋਵੇ ਕੋਈ ਇੰਨ੍ਹਾਂ ਨੂੰ,
ਇਹ ਦੱਸਦੇ ਰਹਿਣ ਹਮੇਸ਼ਾਂ।



ਇਹ ਚਿੜੀਆਂ ਦੇ ਚਿਹਰੇ,
ਹੱਸਦੇ ਰਹਿਣ ਹਮੇਸ਼ਾਂ।

ਇਹ ਤੀਲਾ-ਤੀਲਾ ਚੁਗਕੇ ਚਿੜੀਆਂ,
ਆਪਣੇ ਘਰ ਬਣਾਉਂਦੀਆਂ ਨੇ।
ਇਹ ਕਾਂਵਾ ਦੀਆਂ ਡਾਰਾਂ ਤੋਂ,
ਅੱਜ ਵੀ ਬਚਣਾ ਚਾਉਂਦੀਆਂ ਨੇ।
ਇਹ ਬੱਕੀਆਂ, ਟੁੱਟੀਆਂ, ਹਾਰੀਆਂ ਨੂੰ,
ਫ਼ਨਾਨ ਜਗਾਉਂਦੇ ਰਹਿਣ ਹਮੇਸ਼ਾਂ।
ਇਹ ਚਿੜੀਆਂ ਦੇ ਚਿਹਰੇ,
ਗਾਉਂਦੇ ਰਹਿਣ ਹਮੇਸ਼ਾਂ।

ਜ਼ਿੰਦਗੀ

ਕਦੀ ਜ਼ਿੰਦਗੀ ਦੇ ਕੁੱਝ ਪਲ ਸੱਜਣਾ,
ਆਪਾਂ ਨਾਲ ਬਿਤਾਵਾਂਗੇ..
ਇਤਫ਼ਾਕ ਮਿਲੇ ਹਾਂ ਮਿਲਕੇ ਵੀ,
ਕਦੀ ਵਿੱਛੜ ਜਾਵਾਂਗੇ..

ਤੂੰ ਯਾਦ ਰੱਖੀਂ ਉਹ ਕੁੱਝ ਕੁ ਘੜੀਆਂ,
ਜਦ ਦਰ ਤੇਰੇ ਤੇ ਆਵਾਂਗਾ..
ਜੋ ਲਫ਼ਜ ਲਿਖੇ ਮੈਂ ਤੇਰੀ ਖਾਤਿਰ,
ਤੂੰ ਸੁਣ ਲਈਂ ਜਦ ਗਾਵਾਂਗਾ..

ਤੂੰ ਆ ਜਾਵੀਂ ਕਦੀ ਸ਼ਹਿਰ ਮੇਰੇ,
ਮੈਂ ਉਡੀਕਦਾ ਰਹਾਂਗਾ ਹਰ ਪਲ..
ਓ ਨਜ਼ਾ ਓ ਤਾਰੀਕ,
ਮੈਂ ਉਲੀਕਦਾ ਰਹਾਂਗਾ ਹਰ ਪਲ..

ਤੂੰ ਦੱਸ ਦੇਵੀਂ ਤੂੰ ਲਿਖ ਦੇਵੀਂ,
ਬਸ ਤੇਰਾ ਇੰਤਜਾਰ ਰਹੇਗਾ ਮੈਨੂੰ..
ਤੂੰ ਭੁੱਲ ਜਾਵੇਗਾ ਮੈਂ ਯਾਦ ਨਹੀਂ ਕਰਦਾ,
ਇਹ ਗੱਲ ਕੌਣ ਕਹੇਗਾ ਮੈਨੂੰ..



ਬੋਤਾ

ਤੂੰ ਸ਼ਗਨਾ ਦੀ ਮਹਿੰਦੀ ਕੁੱਟ,
ਤਲੀਆਂ ਤੇ ਲਾਈਂ ਹਾਏ।
ਤੂੰ ਗੁੱਤ ਚ ਪਰਾਂਦੇ ਸੱਗੀ,
ਸਿਰ ਤੇ ਸਜਾਈ ਹਾਏ।
ਤੂੰ ਥੋੜਾ ਜਿਆ ਘੁੰਡ ਚੁੱਕ,
ਮੁੱਖ ਵੀ ਵਖਾਈਂ ਹਾਏ।
ਫੇ ਬੜੇ ਚਾਵਾਂ ਨਾਲ ਪਰਮ ਗੀਤ ਗਾਉਗਾ।
ਓ ਫੇ ਬੋਤੇ ਉੱਤੇ ਆਕੇ ਤੈਨੂੰ ਲੈ ਕੇ ਜਾਉਗਾ।

ਤੂੰ ਗੁੱਟਾਂ ਨਾਲ ਬੰਨਕੇ,
ਕਲੀਰੇ ਰੱਖ ਲਈਂ।
ਕੁੱਝ ਚੁੰਨੀਆਂ ਦੇ ਰੰਗਾਂ ਦੇ ਹਾਏ,
ਚੀਰੇ ਰੱਖ ਲਈਂ।
ਪੱਗ ਬੰਨਕੇ ਗੁਲਾਬੀ,
ਟੌਰ ਕੱਢਕੇ ਨਵਾਬੀ,
ਸਿਰ ਉੱਤੇ ਕੰਲਗੀ ਸਿਹਰਾ ਵੀ ਸਜਾਉਗਾ।
ਓ ਫੇ ਬੋਤੇ ਉੱਤੇ ਆਕੇ ਤੈਨੂੰ ਲੈਕੇ ਜਾਉਗਾ।

ਬੜੇ ਚਿਰਾਂ ਬਾਅਦ ਫੇਰ,
ਘਰ ਖੁਸ਼ੀਆਂ ਨੇ ਆਉਣੀਆਂ।
ਮੈਥੋਂ ਲਾਗ ਲੈਣੇ ਦਾਈਆਂ ਨੇ,
ਵੇਖ ਨਵੀਆਂ ਪਰਾਹੁਣੀਆਂ।
ਪਹਿਲੀ ਪਹਿਲੀ ਵਾਰ ਤੈਨੂੰ,
ਜਦੋਂ ਸੋਹਰੇ ਲੈਣ ਆਉਗਾ।
ਓ ਫੇ ਬੋਤੇ ਉੱਤੇ ਆਕੇ ਤੈਨੂੰ ਲੈਕੇ ਜਾਉਗਾ।



ਹਾਸੇ

ਉਹ ਹਾਸਿਆਂ ਚ ਘੋਲਕੇ,
ਹਾਏ ਖੰਡ ਦੇ ਗਿਆ।
ਉਹ ਜਾਂਦਾ ਜਾਂਦਾ,
ਖੁਸ਼ੀਆਂ ਦੀ ਪੰਡ ਦੇ ਗਿਆ।

ਐਸਾ ਸ਼ਾਇਦ ਨਹੀਓਂ ਕੋਈ,
ਜਿਹਦਾ ਵੈਦ ਨਹੀਓਂ ਕੋਈ,
ਕੁੱਝ ਕੁ ਉਹ ਰੋਗ ਹਾਏ,
ਅਵੱਲੇ ਦੇ ਗਿਆ।

ਬਸ ਇੱਕੋ ਇੱਕ ਚੀਜ਼,
ਜਿਹੜੀ ਸਭ ਤੋਂ ਅਜ਼ੀਜ਼,
ਇੱਕ ਦੋ ਕੁ ਮੁੰਦੀਆਂ,
ਉਹ ਛੱਲੇ ਦੇ ਗਿਆ।

ਉਹ ਕਣਕਾਂ ਦੀਆਂ ਬੱਲੀਆਂ,
ਤੇ ਮੱਕੀਆਂ ਦੀਆਂ ਛੱਲੀਆਂ,
ਬਾਜਰੇ ਦੇ ਛਿੱਟਿਆਂ ਦੀ,
ਮੱਠੀ ਮੱਠੀ ਕੰਡ ਦੇ ਗਿਆ।

ਉਹ ਹਾਸਿਆਂ ਚ ਘੋਲ਼ਕੇ,
ਹਾਏ ਖੰਡ ਦੇ ਗਿਆ।
ਉਹ ਜਾਂਦਾ ਜਾਂਦਾ,
ਖੁਸ਼ੀਆਂ ਦੀ ਪੰਡ ਦੇ ਗਿਆ।



ਵਣਜਾਰੇ

ਤੇਰੇ ਜਾਣ ਮਗਰੋਂ,
ਤੇਰੇ ਸ਼ਹਿਰ ਦੇ ਸਾਰੇ ਸ਼ੀਸ਼ੇ ਟੁੱਟ ਗਏ।
ਜਿੰਨ੍ਹਾਂ ਵਿੱਚ ਦੀ ਤੂੰ ਆਪਣਾ,
ਕਦੀ ਮੁੱਖ ਵੇਖਿਆ ਕਰਦੀ ਸੀ।

ਤੇਰੇ ਜਾਣ ਮਗਰੋਂ
ਤੇਰੇ ਸ਼ਹਿਰ ਦੇ ਵਣਜਾਰੇ ਵੀ,
ਦੁਕਾਨਾਂ ਖੋਲਣੀਆਂ ਭੁੱਲ ਗਏ।
ਕਿਉਂਕਿ ਤੇਰੇ ਬਾਝੋਂ,
ਉਹਨਾਂ ਦੀਆਂ ਚੂੜੀਆਂ
ਕਿਸੇ ਹੋਰ ਦੇ ਮੇਚ ਨਹੀਂ ਆਉਂਦੀਆਂ।

ਤੇਰੇ ਜਾਣ ਮਗਰੋਂ,
ਤੇਰੇ ਸ਼ਹਿਰ ਵਿੱਚ,
ਮੈਨੂੰ ਕੁੱਝ ਵੀ ਨਜ਼ਰ ਨਹੀਂ ਆਉਂਦਾ।
ਬਸ ਇੱਕ ਕੰਧ ਚ ਗੱਡਿਆ,
ਕਿੱਲ ਨਜ਼ਰ ਆਉਂਦਾ ਹੈ।
ਜਿਸ ਉੱਤੇ ਤੂੰ ਆਪਣੀਆਂ,
ਸਹੇਲੀਆਂ ਨਾਲ ਖੇਡਦੀ ਖੇਡਦੀ,
ਆਪਣਾ ਦੁਪੱਟਾ ਟੰਗ ਦਿੰਦੀ ਸੀ।

ਤੇਰੇ ਜਾਣ ਮਗਰੋਂ,
ਮੈਂ ਵੀ ਤੇਰੇ ਸ਼ਹਿਰ ਵਾਂਗੂੰ
ਅੰਨਾ ਹੋ ਗਿਆ।
ਸਦੀਆਂ ਹੋ ਗਈਆਂ,
ਹੁਣ ਮੈਨੂੰ ਵੀ,
ਕਦੀ ਤੇਰਾ ਦੀਦਾਰ ਨਹੀਂ ਹੋਇਆ।
ਤੇਰੇ ਜਾਣ ਮਗਰੋਂ...



ਟੱਪੇ

ਤੂੰ ਸਾਨੂੰ ਲੱਗਦਾਂ ਪਿਆਰਾ ਓਏ,
ਵੇਖੀ ਕਿਤੇ ਛੱਡ ਜਾਂਵੀ ਨਾ,
ਤੂੰ ਸਾਨੂੰ ਕੱਲਿਆਂ ਯਾਰਾ ਓਏ।

ਉਹ ਪਾਣੀ ਵਗਦਾ ਰਾਵੀ ਦਾ,
ਜਿੱਥੇ ਗੂੜਾ ਪਿਆਰ ਪਾਈਏ,
ਉਹਨੂੰ ਛੱਡਕੇ ਨੀ ਜਾਵੀ ਦਾ।

ਉਹ ਕੋਠੇ ਤੇ ਅੰਬੀਆਂ ਨੇ,
ਵੇ ਤੇਰੇ ਮੇਰੇ ਮਿਲਣੇ ਦੀਆਂ,
ਇਹ ਰਾਹਾਂ ਲੰਬੀਆਂ ਨੇ।

ਲਾਲ ਹਰੀਆਂ ਚੁੰਨੀਆਂ ਨੇ,
ਇੱਕ ਤੇਰੇ ਬਾਝੋਂ ਸੱਜਣਾ,
ਇਹ ਰਾਹਾਂ ਸੁੰਨੀਆਂ ਨੇ।

ਆ ਜਿਹੜੇ ਅੰਬਰਾਂ ਚ ਤਾਰੇ ਨੇ,
ਏਹੀ ਮੇਰੇ ਯਾਰ ਲੱਗਦੇ,
ਏਹੀ ਜ਼ਿੰਦਗੀ ਦੇ ਸਹਾਰੇ ਨੇ।

ਮਹਿਬੂਬ

ਆਹ ਮੈਂ ਚਿੱਠੀ ਵਿੱਚ ਲਿਖਿਆ,
ਸੁਨੇਹਾ ਮਹਿਬੂਬ ਨੂੰ।

ਕਿ ਤੂੰ ਮਹਿਲਾਂ ਦੀ ਰਾਣੀ,
ਮੈਂ ਚੌਂਕੀਦਾਰ ਹੋ ਗਿਆ।
ਬਸ ਸੋਚਦਾਂ ਹਾਂ ਏਹੀ,
ਤੈਨੂੰ ਕਿਵੇਂ ਪਿਆਰ ਹੋ ਗਿਆ।

ਆਹ ਤੇਰੇ ਕੰਨਾਂ ਵਾਲੇ ਝੁਮਕੇ,
ਗਲ਼ੇ ਦਾ ਰਾਣੀ ਹਾਰ ਨੀ।
ਕਿੱਦਾਂ ਉੱਚਿਆਂ ਨੂੰ ਹੋ ਜਾਂਦਾ,
ਨੀਵਿਆਂ ਨਾ ਪਿਆਰ ਨੀ।

ਹਾਏ ਦੂਰੀਆਂ ਨਾ ਪਾਵੀਂ ਕਦੀ,
ਹਾਂ ਕੌਡੀਆਂ ਦਾ ਭਾਵੇਂ ਲੱਖ ਦਾ।
ਦਿੱਤੀਆਂ ਨਿਸ਼ਾਨੀਆਂ ਜੋ ਗਾਨੀਆਂ,
ਲਾਕੇ ਦਿਲ ਨਾਲ ਸਾਂਭ ਮੈਂ ਰੱਖਦਾ।



ਕਰਾਂ ਮੈਂ ਉਡੀਕ ਤੇਰੇ ਆਉਣ ਤੱਕ ਦੀ,
ਮੈਨੂੰ ਇੱਕੋ ਇੱਕ ਚਿੱਠੀ ਚ ਜਵਾਬ ਦੇ ਦੇਵੀ,
ਦੇਵਾਂ ਉਮਰਾਂ ਤੀਕ ਪਹਿਰਾ ਤੇਰੀ ਦਹਿਲੀਜ਼ ਤੇ,
ਕਦੀ ਆਪਣਾ ਤੂੰ ਹੋਣ ਦਾ ਖਿਤਾਬ ਦੇ ਦੇਵੀਂ।

ਆਹ ਮੈਂ ਚਿੱਠੀ ਵਿੱਚ ਲਿਖਿਆ,
ਸੁਨੇਹਾ ਮਹਿਬੂਬ ਨੂੰ...

ਸੂਹਾ ਕੁੜਤਾ

ਮੈਂ ਕਮਲਾ ਕੀ ਸਮਝਾ
ਓਸ ਕਮਲੀ ਦੀਆਂ ਗੱਲਾਂ ਨੂੰ ਜੋ ਕਿੱਲੀ ਤੋਂ ਮੇਰੇ ਸੂਹੇ ਲਾਲ ਕੁੜਤੇ ਨੂੰ ਉਤਾਰ ਕੇ
ਸਾਰੇ ਟੱਬਰ ਤੋਂ ਚੋਰੀ ਚੋਰੀ
ਬੇਬੇ ਦੇ ਸੰਦੂਕ ਦੇ ਓਹਲੇ ਜਾਕੇ
ਉਸ ਨੂੰ ਆਪਣੀ ਬੁੱਕਲ ਵਿੱਚ ਘੁੱਟ ਕੇ ਰੋਣ ਲੱਗ ਪੈਂਦੀ ਹੈ,
ਪਤਾ ਨੀ
ਉਹ
ਏਸ ਕੁੜਤੇ ਵਿੱਚੋਂ
ਕਿਹੜੇ ਚੰਦਨ ਦੀ ਖੁਸ਼ਬੋ ਲੈ ਰਹੀ ਹੈ
ਜੋ ਉਹ
ਇਸ ਨੂੰ ਆਪਣੀ ਹਿੱਕ ਨਾਲ ਹੀ ਲਾਕੇ ਰੱਖਦੀ ਹੈ।
ਪਤਾ ਨੀ ਕਮਲੀ ਨੇ
ਕਿੰਨੇ ਬਾਰ
ਏਸ ਕੁੜਤੇ ਦੇ ਬਟਨ ਤੋੜ ਕੇ
ਦੁਆਰਾ ਪਰੋ ਦਿੱਤੇ ਨੇ
ਜਦ ਉਹ ਕੁੜਤੇ ਦੀ
ਜੇਬ ਜਾ ਗੀਜੇ ਵਿੱਚ ਹੱਥ ਮਾਰਦੀ ਹੈ
ਤਾਂ ਉਹ ਓਸੇ ਹੱਥਾਂ ਨੂੰ ਹੀ ਮਹਿਸੂਸ ਕਰਦੀ ਹੋਵੇਗੀ।
ਉਹ ਤਾਂ ਕੁੜਤੇ ਦੇ ਕਾਲਰਾਂ ਤੇ ਲੱਗੀ ਮੈਲ ਨੂੰ ਅੱਜ ਵੀ ਨਹੀਂ ਧੋਂਦੀ
ਕਿਉਂਕਿ ਉਸ ਮੈਲ ਵਿੱਚੋਂ

ਕਮਲੀ ਨੂੰ ਗੁਲਾਬਾਂ ਨਾਲੋਂ ਵੀ
ਕਿਤੇ ਵੱਧ ਖੁਸ਼ਬੋ ਆਉਂਦੀ ਹੋਵੇਗੀ,
ਜਿਹੜੀ ਅੱਜ ਵੀ
ਉਸ ਨੂੰ ਆਪਣੇ ਨਾਲ ਹੀ ਚੁੱਕੀ ਫਿਰਦੀ ਹੈ
ਕਮਲੀ...।

ਉਡੀਕ

ਉਡੀਕ ਤੇਰੀ ਵਿੱਚ ਸੱਜਣਾ ਵੇ,
ਸ਼ਾਮਾਂ ਪੈ ਗਈਆਂ।
ਇਹ ਸੂਰਜ ਦੀਆਂ ਕਿਰਨਾਂ,
ਮੇਰੇ ਪਿੰਡੇ ਨਾਲ ਖਹਿ ਗਈਆਂ।

ਦੱਸ ਦੇਵਣ ਸਾਨੂੰ ਇਹ,
ਪਰ ਕੁੱਝ ਕਹਿਣ ਤੋਂ ਡਰਦੇ ਨੇ।
ਸੰਘਣੇ ਰੁੱਖ ਇਹ ਪਿੱਪਲਾਂ ਦੇ,
ਸਾਨੂੰ ਟਿਚਰਾਂ ਕਰਦੇ ਨੇ।

ਡੁੱਬ ਗਏ ਨੇ ਸੂਰਜ,
ਬੱਦਲ ਕਾਲੇ ਹੋ ਗਏ ਜੀ।
ਹੱਦ ਤੋਂ ਵੱਧਕੇ ਸੱਜਣ,
ਰੋਸੇ ਵਾਲੇ ਹੋ ਗਏ ਜੀ।

ਕਿੱਦਾਂ ਅਸੀਂ ਮਨਾਈਏ,
ਤੂੰ ਦੱਸ ਬੋਲ ਓ ਆਵੇਗਾ।
ਹੋ ਗਈ ਰਾਤ ਹਨੇਰੀ,
ਦੱਸ ਕਦ ਕੋਲ ਓ ਆਵੇਗਾ।



ਉਮਰ ਮੇਰੀ

ਲਾ ਬਹਾਨਾ ਛੱਡ ਗਿਆ ਕੱਲੀ,
ਤੂੰ ਖੋਰੇ ਕਿਸ ਵਤਨਾ ਦਾ ਜਾਇਆ ਵੇ।
ਕੋਠੇ ਲਿੱਪ-ਲਿੱਪ ਮੈਂ ਮਰਗੀ ਤੇਰੇ,
ਕਾਹਤੋਂ ਤੂੰ ਮੁੜਕੇ ਨਾ ਆਇਆ ਵੇ।

ਘਰ ਦਾ ਵੇਹੜਾ ਵੱਢ-ਵੱਢ ਖਾਵੇ,
ਤੂੰ ਕਿਹੜੇ ਰਾਹੀਂ ਪੈ ਗਿਆ ਵੇ।
ਮੈਨੂੰ ਕੂੰਜ ਅਰਗੀ ਨੂੰ ਕੱਲੀ ਛੱਡਕੇ,
ਤੂੰ ਕਿਹਦਾ ਬਣਕੇ ਬਹਿ ਗਿਆ ਵੇ।

ਹਿਜ਼ਰ ਤੇਰੇ ਵਿੱਚ ਜੋ ਗੀਤ ਲਿਖੇ,
ਮੈਂ ਕੱਲੀ ਬਹਿਕੇ ਗਾ ਲੈਨੀ ਆਂ।
ਵਰੀ ਵਿੱਚ ਪੰਜ ਸੂਟ ਮੇਰੇ ਜੋ,
ਮੈਂ ਓਹੀ ਧੋਕੇ ਪਾ ਲੈਨੀ ਆਂ।

ਆਜਾ ਵੇ ਹੁਣ ਛੇਤੀ ਆਜਾ,
ਦੁੱਖ ਹੋਰ ਮੈਥੋਂ ਨੀ ਸਹਿ ਹੁੰਦਾ।
ਕੱਲੀ ਦੀ ਮੇਰੀ ਉਮਰ ਬੀਤਗੀ,
ਹੁਣ ਹੋਰ ਮੈਥੋਂ ਨੀ ਰਹਿ ਹੁੰਦਾ।

ਸੰਧੂਰ

ਮੈਂ ਮਿੱਟੀ ਦੀਆਂ ਠੂਠੀਆਂ ਚ ਸੁਰਮੇ ਨੂੰ ਪੀਸ ਕੇ।
ਗਾਜਨੀ ਨੂੰ ਕੁੱਟ ਵੇ ਮੈਂ ਲਾਵਾਂ ਕਦੀ ਸੀਸ ਤੇ।
ਨਾ ਵੀਹਣੀ ਨੂੰ ਮਰੋੜ ਘੁੱਟਕੇ,
ਵੇਖੀਂ ਪੈਜੇ ਨਾ ਜਰਾਕਾ ਮੇਰੀ ਵੰਗ ਦਾ।
ਵੇ ਮੈਂ ਤੇਰੀ ਪੱਗ ਵਰਗਾ,
ਦੇਵਾਂ ਮੱਥੇ ਨੂੰ ਸੰਧੂਰ ਲਾਲ ਰੰਗ ਦਾ।

ਤੇਰੇ ਲਈ ਸੋਹਣਿਆਂ ਮੈਂ,
ਖੁਦ ਨੂੰ ਸਿੰਗਾਰ ਦੀ।
ਕਦਰ ਨਾ ਜਾਣੀ ਵੇ ਤੂੰ,
ਮੇਰੇ ਗੂੜੇ ਪਿਆਰ ਦੀ।
ਵੇ ਚੋਰੀ ਚੋਰੀ ਸਾਡੇ ਕੋਲ ਦੀ,
ਚੁੱਪ ਕਰਕੇ ਜਦੋਂ ਤੂੰ ਹਾਏ ਲੰਘਦਾ।
ਵੇ ਮੈਂ ਤੇਰੀ ਪੱਗ ਵਰਗਾ,
ਦੇਵਾਂ ਮੱਥੇ ਨੂੰ ਸੰਧੂਰ ਲਾਲ ਰੰਗ ਦਾ।



ਆਪੇ ਬਣਾ ਲੈਨੀ ਆਂ ਮੈਂ,
ਤੇ ਆਪੇ ਢਾਹ ਲੈਨੀ ਆਂ।
ਬਾਵਾ ਮੈਂ ਬਣਾਕੇ ਤੇਰਾ,
ਉਹਨੂੰ ਬੋਲਣ ਨੂੰ ਕਹਿਨੀ ਆਂ।
ਵੇ ਜਦੋਂ ਉਹ ਬੋਲਦਾ ਹੀ ਨੀ,
ਫਿਰ ਜਾਨ ਮੇਰੀ ਸੂਲੀ ਉੱਤੇ ਟੰਗਦਾ।
ਵੇ ਮੈਂ ਤੇਰੀ ਪੱਗ ਵਰਗਾ,
ਦੇਵਾਂ ਮੱਥੇ ਨੂੰ ਸੰਧੂਰ ਲਾਲ ਰੰਗ ਦਾ।

ਚੁੱਪ

ਬਸ ਤੂੰ ਹੀ ਦਿਲ ਦੇ ਨੇੜੇ,
ਕੋਈ ਹੋਰ ਨਹੀਂ ਲੱਗਦਾ।

ਮੈਂ ਚੁੱਪ ਹੀ ਰਹਿਣੀ ਆਂ,
ਚੰਗਾ ਸ਼ੋਰ ਨਹੀਂ ਲੱਗਦਾ।

ਤੂੰ ਲੁੱਟਕੇ ਲੈ ਗਿਆ ਜ਼ਿੰਦਗੀ ਮੇਰੀ,
ਪਰ ਮੈਨੂੰ ਚੋਰ ਨਹੀਂ ਲੱਗਦਾ।

ਮੰਨਿਆ ਦਿਲ ਤੇਰਾ ਬਹੁਤਾ ਨਾਜ਼ੁਕ ਨਹੀਂ,
ਪਰ ਇੰਨ੍ਹਾਂ ਵੀ ਕਠੋਰ ਨਹੀਂ ਲੱਗਦਾ।

ਬਸ ਤੂੰ ਹੀ ਦਿਲ ਦੇ ਨੇੜੇ,
ਕੋਈ ਹੋਰ ਨਹੀਂ ਲੱਗਦਾ।

ਵਾਰਤਕ

ਸ਼ਨਾਖਤੀ ਕਾਰਡ

(ਇਕ ਪੁੱਤ ਦੀ ਹੂਕ)

ਕਾਫ਼ੀ ਸਮੇਂ ਤੋਂ ਮੇਰੇ ਕੋਲ ਮੇਰੀ ਮਾਂ ਦਾ 'ਸ਼ਨਾਖਤੀ ਕਾਰਡ' ਹੈ, ਅੱਜ ਉਸ ਨੂੰ ਵੇਖਿਆ ਤਾਂ ਲਗਭਗ 1985 ਜਾਂ 86 ਦੀ ਗੱਲ ਚੇਤੇ ਆ ਗਈ, ਜਦੋਂ ਮਾਂ ਮੇਰੀ ਵਿਆਹੀ ਸੌਹਰੇ ਘਰ ਆਈ ਹੋਣੀ ਏਂ, ਲੋਕਾਂ ਤੋਂ ਦਰਅਸਲ ਸੁਣਦਾ ਹੁੰਨਾ ਕਿ ਮਾਂ ਬੜੀ ਕਾਮੀਂ ਤੇ ਕੂਨੀ ਸੀ ਤੇ ਥੋੜੀ ਸੁਭਾਅ ਦੀ ਤੱਤੀ ਵੀ, ਇੱਕ ਵਾਰ ਤਾਂ ਵੱਡੇ ਭਰਾ ਤੋਂ 100 ਰੁਪਏ ਗੁਆਚ ਜਾਣ ਤੇ ਭਰਾ ਨੂੰ ਦਾਲ ਵਾਲੀ ਕੜਛੀ ਨਾਲ ਬੜਾ ਕੁੱਟਿਆ ਤੇ ਕੜਛੀ ਹੀ ਤੋੜ ਦਿੱਤੀ ਤੱਤੀ ਨੇ।

ਮੇਰਾ ਤਾਂ ਬਹੁਤਾ ਹੀ ਮੋਹ ਕਰਦੀ ਸੀ ਮਾਂ ਮੇਰੀ,ਛੋਟੇ ਹੁੰਦੇ ਦੇ ਦੋ ਗੁੱਤਾਂ ਕਰ ਦਿੰਦੀ ਬੋਲਦੀ ਇਹ ਤਾਂ ਮੇਰੀ ਕੁੜੀ ਆ, ਚੰਗੀਆਂ ਰੌਣਕਾਂ ਹੁੰਦੀਆਂ ਘਰ ਵਿੱਚ ਮੇਰੀ ਮਾਂ ਕਰਕੇ, ਪਰ ਪਤਾ ਨਹੀਂ ਸੀ ਕਿ ਕਿਸੇ ਦਿਨ ਇਹ ਰੌਣਕਾਂ ਅਲੋਪ ਹੋ ਜਾਣਗੀਆਂ... ਇਹ ਦਿਨ ਵੀ ਬਹੁਤੇ ਦੂਰ ਨਹੀਂ ਸੀ, 1991 ਵਿੱਚ ਮੇਰਾ ਜਨਮ ਹੋਇਆ, ਜਨਮ ਤੋਂ ਤਕਰੀਬਨ ਚਾਰ ਜਾਂ ਪੰਜ ਸਾਲ ਬਾਅਦ 1996 ਵਿੱਚ, ਮੇਰੀ ਮਾਂ ਨੂੰ ਰੱਬ ਲੈ ਗਿਆ, ਇਉਂ ਲੱਗਿਆ ਜਿਵੇਂ ਮਾਂ ਮੇਰੀ ਘਰ ਦੀਆਂ ਸਾਰੀਆਂ ਖੁਸ਼ੀਆਂ ਆਪਣੇ ਨਾਲ ਹੀ ਲੈ ਗਈ ਹੋਵੇ ਤੇ ਜਿਵੇਂ ਘਰ ਖਾਲੀ ਹੋ ਗਿਆ ਹੋਵੇ...ਅੱਜ 19 ਸਾਲ ਹੋ ਗਏ ਕਦੀ ਸੁਫ਼ਨੇ ਵਿੱਚ ਵੀ ਨਈਂ ਆਈ ਤੇ ਉਸ ਨੂੰ ਕਦੀ ਮੇਰੇ ਘਰ ਦਾ ਚੇਤਾ ਵੀ ਨੀ ਆਇਆ ਹੋਣਾ, ਨਹੀਂ ਤੇ ਵਾਪਿਸ ਪਰਤਦੀ ਉਹ ਜਰੂਰ ਤੇ ਗਈ ਨੂੰ ਵੀ ਕਾਫ਼ੀ ਸਾਲ ਬੀਤਗੇ ਹੁਣ ਤਾਂ ਰੱਬਾ ਕਦੀ ਮੁੜ ਆਵੇ ਮਾਂ ਮੇਰੀ, ਤੇ ਉਸ ਘਰ ਨੂੰ ਵੇਖੇ ਉਹ ਆਕੇ ਜਿਹੜਾ ਅੱਜ ਉਸ ਤੋਂ ਬਗੈਰ ਮੈਨੂੰ ਉਜੜਿਆ ਜਾਪਦਾ ਏ, ਵੇਖੇ ਉਹ ਉਸ ਨੂੰ ਆ ਕੇ ਜਿਸਦੇ ਨਾਲ ਉਹ ਚਾਰ ਲਾਵਾਂ ਲੈ ਕੇ ਆਈ ਸੀ ਕਿ ਕਿਵੇਂ ਅੱਜ ਉਹ ਦਾਰੂ ਦਾ ਆਦੀ ਹੋ ਗਿਆ ਏ...ਉਹ ਕਦੀ ਤਾਂ ਆ ਕੇ ਵੇਖ ਲਵੇ ਉਹਨੂੰ ਜੋ ਹਮੇਸ਼ਾ ਓਸ ਦੇ 'ਸ਼ਨਾਖਤੀ ਕਾਰਡ' ਤੇ ਆਪਣੇ ਹੱਥ ਦੀਆਂ ਉਂਗਲਾਂ ਨਾਲ ਓਸ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੈ.. ਤੇ ਓਸ ਦੀ ਯਾਦ ਹਮੇਸ਼ਾ ਆਪਣੇ ਨਾਲ ਚੁੱਕੀ ਫਿਰਦਾ ਏ...



ਸ਼ਨਾਖਤੀ ਕਾਰਡ 2

(ਇੱਕ ਪੁੱਤ ਦੀ ਹੂਕ)

ਮੈਂ ਪਿੰਡ ਆਇਆ, ਕਾਫੀ ਵੱਡਾ ਪਰਿਵਾਰ ਮੇਰਾ, ਘਰ ਚ ਸਭ ਨੂੰ ਮਿਲਿਆ, ਬੇਬੇ, ਚਾਚੇ, ਭਰਾ, ਭਤੀਜੇ, ਮੇਰਾ ਪਿਓ ਤੇ ਦਿਲ ਉਦਾਸ ਦਾ ਉਦਾਸ ਕਿ ਕਿਧਰੋਂ ਮਾਂ ਨੀ ਆਈ, ਮੇਰੀਆਂ ਅੱਖਾਂ ਭਰ ਆਈਆਂ, ਮੈਂ ਉੱਠਕੇ ਕਮਰੇ ਚ ਚਲਾ ਗਿਆ।

ਆਪਣੇ ਕੱਪੜੇ ਬਦਲੇ, ਜਦ ਪੈਂਟ ਦੀ ਜੇਬ ਚੋਂ ਪਰਸ ਕੱਢਕੇ ਕਨਸ ਤੇ ਰੱਖਣ ਲੱਗਿਆ ਤਾਂ ਓਹੀ ਮਾਂ ਦਾ ਸ਼ਨਾਖਤੀ ਕਾਰਡ ਹੇਠਾਂ ਡਿੱਗ ਗਿਆ...ਸੋਚਿਆ ਮਾਂ ਤਾਂ ਮਾਂ ਹੀ ਹੁੰਦੀ ਆ।

ਸਮੇਂ ਦੇ ਨਾਲ ਸਭ ਕੁੱਝ ਬਦਲ ਗਿਆ ਮਾਂ ਦੇ ਜਾਣ ਮਗਰੋਂ ਚੱਲ ਫਿਰ ਖੁਦ ਨੂੰ ਦਿਲਾਸਾ ਜਾ ਦੇਕੇ ਵੀ ਉਹ ਵੀ ਕੀ ਕਰਨ ਜਿੰਨ੍ਹਾਂ ਦੀ ਨਾ ਮਾਂ ਨਾ ਪਿਓ ਕੋਈ ਵੀ ਨੀ ਹੁੰਦਾ ਉਹਨਾਂ ਨੂੰ ਵੀ ਤਾਂ ਯਾਦ ਆਉਂਦੀ ਹੀ ਹੋਊ...

ਚੱਲ ਫਿਰ ਯਾਰਾਂ ਦੋਸਤਾਂ ਕੋਲ ਚਲਾ ਗਿਆ, ਸ਼ਾਮੀਂ ਘਰ ਆਇਆ ਰੋਟੀ ਖਾਧੀ, ਖੁਦ ਬਿਸਤਰਾ ਵਿਛਾਇਆ ਪੈ ਗਿਆ।

ਕਿਸੇ ਨਵੇਂ ਮਿੱਤਰ ਨਾਲ ਗੱਲ ਕਰ ਰਿਹਾਂ ਮੈਂ ਫੋਨ ਤੇ, ਮੈਂ ਪੁੱਛਿਆ ਤੇਰੀ ਮਾਂ ਨਾਲ ਗੱਲ ਹੋਈ, ਅੱਗੋਂ ਜਵਾਬ ਆਇਆ ਕੱਲ ਹੋਊ ਗੀ..

ਮੈਂ ਕਿਹਾ,

ਹਾਂ ਕਰਨੀ ਜ਼ਰੂਰੀ ਆ...

ਤੇ ਅੱਗੋਂ ਮੇਰੇ ਘਰ ਦਾ ਹਾਲ ਪੁੱਛਿਆ, ਸਭ ਠੀਕ ਨੇ ਤੇ ਮਾਂ...?

ਮੈਂ ਕਹਾਣੀ ਸੁਣਾਈ

'ਸ਼ਨਾਖਤੀ ਕਾਰਡ'

ਅੱਗੋਂ ਓਸ ਦੀਆਂ ਅੱਖਾਂ ਭਰ ਆਈਆਂ...

ਅੱਛਾ ਅੱਛਾ ਤੂੰ ਏਸ ਲਈ ਦੁਬਾਰਾ-ਦੁਬਾਰਾ ਪੁੱਛਦਾ ਸੀ ਵੀ ਮਾਂ ਨਾਲ ਗੱਲ ਕੀਤੀ

ਜਾਂ ਨਹੀਂ,

ਮੈਂ ਜਦ ਘਰ ਗਿਆ ਤਾਂ ਆਪਣੀ ਮਾਂ ਨਾਲ ਜਰੂਰ ਗੱਲ ਕਰਾਵਾਂਗਾ..।

ਇਹ ਮਾਵਾਂ ਤਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ..।

ਪਰ ਮਾਂ ਤਾਂ ਮਾਂ ਹੀ ਹੁੰਦੀ ਆ, ਰਾਤ ਨੂੰ 10:45 ਮਿੰਟਾਂ ਤੇ ਨਾਲੇ ਤਾਂ ਲਿਖਾਂ, ਨਾਲੇ ਮੈਂ ਰੋਵਾਂ ਕੇ ਮਾਂ ਤਾਂ ਮਾਂ ਹੀ ਹੁੰਦੀ ਆ।

ਜੋ ਆਪਣੀਆਂ ਮਾਵਾਂ ਤੋਂ ਦੂਰ ਰਹਿੰਦੇ ਨੇ ਉਹ ਗੱਲ ਜ਼ਰੂਰ ਕਰਿਆ ਕਰਨ, ਜਦੋਂ ਵੀ ਓਸ ਮਾਂ ਦਾ ਮਨ ਚ ਖਿਆਲ ਆਵੇ, ਕੋਈ ਪਤਾ ਨੀ ਕੱਲ ਤੱਕ ਰੱਬ ਨੂੰ ਕੀ ਮਨਜੂਰ ਆ, ਨਹੀਂ ਤਾਂ ਫਿਰ ਮੇਰੇ ਵਾਂਗੂੰ ਸ਼ਨਾਖਤੀ ਕਾਰਡ ਆਪਣੇ ਨਾਲ ਚੁੱਕੀ ਫਿਰੋਂਗੇ..।

ਤੇ ਆਹ ਜੋ ਰਾਤ ਨੂੰ ਦਾਰੂਆਂ ਨਾਲ ਡੱਕ ਕੇ ਗੰਦੇ ਸ਼ਬਦ ਬੋਲਦੇ ਆ ਆਪਣੀਆਂ ਮਾਵਾਂ ਨੂੰ...

ਸ਼ਾਇਦ ਇਹ ਭੁੱਲੀ ਬੈਠੇ ਨੇ

'ਕਿ ਤੁਰ ਜਾਵਣ ਇੱਕ ਵਾਰ ਤੇ ਮਾਵਾਂ ਲੱਭਦੀਆਂ ਨੀ।।'



ਆਜਾ ਮਾਂ

ਮਾਂ ਤੇਰੀ ਫੋਟੋ ਨੂੰ ਵੇਖਣ ਤੋਂ ਬਾਅਦ,
ਜਦ ਖੁਦ ਨੂੰ ਅੱਜ ਸ਼ੀਸੇ ਵਿੱਚ ਵੇਖਿਆ ਤਾਂ ਤੈਨੂੰ ਅੱਜ ਮੈਂ ਆਪਣੇ ਆਪ 'ਚ ਵੇਖ ਰਿਹਾ ਸੀ,
ਓਹੀ ਅੱਖਾਂ, ਨੱਕ, ਬੁੱਲ,
ਤੇਰਾ ਮੜੰਗਾ, ਓਹੀ ਹੱਥ,
ਸਭ ਕੁੱਝ ਓਹੀ...
ਪਰ ਇੱਕ ਉਹ ਭੌਰ ਨਹੀਂ ਜੋ ਉੱਡਕੇ, ਪਤਾ ਨੀ ਕਿਹੜੀ ਦੁਨੀਆਂ ਚ ਜਾ ਵਸਿਆ।
ਮਾਂ ਵੇਖ ਅੱਜ ਤੇਰਾ ਪੁੱਤ ਤੇਰੇ ਜਿੱਡਾ ਹੋ ਗਿਆ...ਉੱਚਾ ਲੰਮਾ,
ਤੂੰ ਤਾਂ ਇਹਨੂੰ ਛੋਟੇ ਜੇ ਨੂੰ ਛੱਡਕੇ ਚਲੀ ਗਈ ਸੀ, ਫਿਰ ਵੀ ਰੁਲ ਖੁਲ ਕੇ ਪਲ ਗਿਆ,
ਮਾਂ ਤੇਰੇ ਨਾਲ ਬਸ ਇੱਕੋ ਗੱਲ ਦਾ ਗਿਲ੍ਹਾ ਮੈਨੂੰ,
ਕਿ ਤੂੰ ਮੈਨੂੰ ਛੋਟੇ ਜੇ ਨੂੰ ਛੱਡਕੇ ਕਿਉਂ ਗਈ ਸੀ, ਜੇ ਚਲੀ ਵੀ ਗਈ ਸੀ ਤਾਂ ਮੁੜਕੇ ਆਈ ਕਿਉਂ ਨੀ ਫਿਰ...?
ਆਜਾ ਮਾਂ...
ਬਹੁਤ ਅਧੂਰੇ ਨੇ,
ਜੋ ਚਾਅ ਪੂਰੇ ਕਰਨੇ ਨੇ ਹਾਲੇ ਤੂੰ ਮੇਰੇ .... ਆਜਾ ਮਾਂ।

ਵਿਛੋੜਾ ਦਿਵਸ

(16 ਅਗਸਤ 1947)

ਨੂਰ ਮਾਨਸਾ ਜਿਲ੍ਹੇ ਦੇ ਇੱਕ ਨਿੱਕੇ ਜਏ ਪਿੰਡ ਦਾ ਰਹਿਣ ਵਾਲਾ ਬੜਾ ਹੀ ਭੋਲਾ ਤੇ ਸਾਦਾ ਆਦਮੀ ਸੀ। ਸੁਣਿਆ ਕੇ ਨੂਰ ਦਾ ਇੱਕ ਬਹੁਤ ਵੱਡਾ ਪਰਿਵਾਰ ਸੀ। ਨੂਰ ਦੇ ਘਰ ਵਿੱਚ 25 ਮੈਂਬਰ ਸਨ। ਨੂਰ ਦੀ ਮਾਂ, ਪਿਓ, ਪੰਜ ਭਰਾ ਅੱਗੋਂ ਪੰਜਾਂ ਦਾ ਪਰਿਵਾਰ। ਨੂਰ ਦੇ ਇੱਕ ਮੁੰਡਾ ਵਜ਼ੀਦ ਦੋ ਕੁੜੀਆਂ ਜੇਲਮ ਤੇ ਰਾਵੀ, ਨੂਰ ਦੇ ਛੋਟੇ ਭਰਾ ਫੱਤਾ ਤੇ ਘੈਮਾਂ। ਫੱਤਾ ਮੇਰੇ ਬਾਬੇ ਦਾ ਦੋਸਤ ਸੀ। ਕਿਉਂਕਿ ਮੇਰਾ ਬਾਬਾ ਉਹਦੇ ਪਿੰਡ ਵਿਆਹਿਆ ਹੋਇਆ ਸੀ।

ਚੜਦੀ ਭਾਦੋਂ ਦੇ ਮਹੀਨੇ ਵਿੱਚ ਜੋ ਨੂਰ ਦੇ ਪਰਿਵਾਰ ਨਾਲ ਹੋਇਆ। ਪਤਾ ਨਹੀਂ ਉਹ ਇਸ ਆਲ਼ਮ ਦੇ ਕਿੰਨੇ ਕੁ ਪਰਿਵਾਰਾਂ ਨਾਲ ਹੋਇਆ ਹੋਵੇਗਾ।

ਅਗਸਤ 1947 ਵਿੱਚ ਅਨੇਕਾਂ ਹੀ ਘਰ ਉਜੜ ਗਏ। ਹਜਾਰਾਂ ਨਹੀਂ ਲੱਖਾਂ ਹੀ ਜਾਨਾ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਸ਼ਰੇਆਮ ਧੀਆਂ ਦੀਆਂ ਇੱਜ਼ਤਾਂ ਨੂੰ ਲੁੱਟਿਆ ਗਿਆ। ਵੱਡੇ ਕਾਫ਼ਲਿਆਂ ਵਿੱਚ ਮਾਂਵਾਂ ਦੇ ਛੇ-ਛੇ ਸਾਲਾਂ ਦੇ ਪੁੱਤ ਵਿਛੜ ਗਏ। ਉਹਨਾਂ ਦੀ ਉਡੀਕ ਵਿੱਚ ਮਾਵਾਂ ਦੀਆਂ ਛਾਤੀਆਂ 'ਚੋਂ ਦੁੱਧ ਸੁੱਕ ਗਏ। ਪਿਓ ਦੁਸ਼ਮਨਾ ਤੋਂ ਮਜ਼ਬੂਰ ਹੋ ਕੇ ਆਪਣੀਆਂ ਧੀਆਂ ਨੂੰ ਆਪ ਹੀ ਮਾਰਨ ਲੱਗੇ। ਭੈਣਾਂ ਦੇ ਭਰਾਵਾਂ ਨੂੰ ਦੁਸ਼ਮਨਾ ਨੇ ਨੋਚ ਲਿਆ। ਨਵ ਵਿਆਹੀਆਂ ਸੁਹਾਗਨਾਂ ਦੇ ਸੁਹਾਗ ਉਜਾੜ ਦਿੱਤੇ ਗਏ। ਇਨਸਾਨਾਂ ਨਾਲ ਜਾਨਵਰਾਂ ਤੋਂ ਵੀ ਮਾੜਾ ਸਲੂਕ ਕੀਤਾ ਗਿਆ। ਲੱਖਾਂ ਹੀ ਲੋਕ ਆਪਣੀ ਮਿੱਟੀ ਤੋਂ ਦੂਰ ਹੋ ਗਏ। ਕੁਆਰੀਆਂ ਕੁੜੀਆਂ ਦੀਆਂ ਚੁੰਨੀਆਂ ਲੀਰੋ ਲੀਰ ਕਰ ਦਿੱਤੀਆਂ ਗਈਆਂ। ਨਹਿਰਾਂ ਤੇ ਨਾਲਿਆਂ ਵਿੱਚ ਲਾਸ਼ਾਂ ਦੇ ਢੇਰ ਲੱਗ ਗਏ। ਕਈ ਕਈ ਦਿਨ ਲਾਸ਼ਾਂ ਨੂੰ ਕੁੱਤੇ ਖਾਂਦੇ ਰਹੇ।

ਇੰਨ੍ਹਾਂ ਦਿਨਾਂ ਵਿੱਚ ਹੀ ਜੋ ਨੂਰ ਦੇ ਪਰਿਵਾਰ ਨਾਲ ਹੋਇਆ ਉਸ ਘਟਨਾ ਨੂੰ ਮੈਂ ਆਜ਼ਾਦੀ ਨਹੀ ਕਹਿ ਸਕਦਾ।

ਅਗਸਤ 1947 ਭਾਦੋਂ ਦਾ ਦਿਨ ਸ਼ਾਮ ਦਾ ਸਮਾਂ, ਨੂਰ ਦਿਹਾੜੀ ਤੋਂ ਆਇਆ। ਪਤਾ ਲੱਗਿਆ ਕੇ ਲੋਕ ਆਪੋ ਆਪਣੀਆਂ ਜਾਨਾ ਨੂੰ ਬਚਾਕੇ ਆਪਣੇ ਘਰ ਛੱਡ ਜਾਣ ਨਹੀਂ ਉਹਨਾਂ ਨੂੰ ਮਾਰ ਦਿੱਤਾ ਜਾਵੇਗਾ ਤੇ ਨੂਰ ਨੇ ਵੀ ਏਸੇ ਤਰ੍ਹਾਂ ਕੀਤਾ।

ਉਸ ਨੇ ਆਪਣੀਆਂ ਦੋਵੇਂ ਕੁੜੀਆਂ, ਮੁੰਡਾ, ਘਰ ਵਾਲੀ ਤੇ ਭਰਾਵਾਂ ਨੂੰ ਕਹਿਆ ਕੇ ਉਹ ਘਰ ਵਿੱਚ ਦੀਵੇ ਬਾਲ ਦੇਣ ਉਹ ਸਾਰੇ ਰਾਤੇ ਰਾਤ ਆਪਣਾ ਘਰ ਛੱਡ ਦੇਣ ਕਿਉਂਕਿ ਜੇ ਉਹ ਇਸ ਘਰ ਵਿੱਚ ਰਹਿਣਗੇ ਤਾਂ ਉਹਨਾਂ ਨੂੰ ਮਾਰ ਦਿੱਤਾ ਜਾਵੇਗਾ। ਨੂਰ ਆਪਣੇ ਪਰਿਵਾਰ ਨੂੰ ਲੈਕੇ ਰਾਤੇ ਰਾਤ ਪਿੰਡ ਦੇ ਟੋਭੇ ਕੋਲ ਦੀ ਹੁੰਦਾ ਹੋਇਆ ਨਾਲੇ ਵਾਲੇ ਰਾਹ ਪੈ ਗਿਆ। ਅੱਗੇ ਵੇਖਿਆ ਤਾਂ ਨੂਰ ਵਾਂਗ ਹੀ ਕਈ ਪਰਿਵਾਰ ਤੁਰੇ ਜਾ ਰਹੇ ਸਨ। ਕੋਈ ਇੱਕ ਦੂਜੇ ਨੂੰ ਨਜ਼ਰ ਨਹੀਂ ਸੀ ਆ ਰਹਿਆ। ਰਾਤ ਹਨੇਰੀ ਵਿੱਚ ਨੂਰ ਦਾ ਪਰਿਵਾਰ ਨੂਰ ਤੋਂ ਵਿਛੜ ਗਿਆ। ਦੋਵੇ ਕੁੜੀਆਂ ਜੈਲਮ ਤੇ ਰਾਵੀ ਵੀ ਅਲੱਗ ਹੋ ਗਈਆਂ। ਨੂਰ ਪਤਾ ਨੀ ਪੂਲਿਆ ਤੇ ਕਰੀਰਾਂ ਕੋਲ ਦੀ ਹੁੰਦਾ ਹੋਇਆ ਕਿਧਰ ਚਲਾ ਗਿਆ। ਨੂਰ ਦੀਆਂ ਕੁੜੀਆਂ ਕੋਲ ਲਗਦੇ ਖੇਤਾਂ ਵਿੱਚ ਲੁਕ ਗਈਆਂ ਦੋ ਦਿਨ ਭੁੱਖੀਆਂ ਹਲਟੀ ਦੀਆਂ ਟਿੰਡਾਂ ਵਿੱਚ ਰਹੀਆਂ।

ਤੀਜੇ ਦਿਨ ਜਾਕੇ ਜਦ ਪਿੰਡ ਦਾ ਜ਼ਿੰਮੀਦਾਰ ਖੇਤਾਂ ਵੱਲ ਆਇਆ ਤਾਂ ਉਸ ਨੇ ਹਲਟੀ ਵਿੱਚ ਅਵਾਜ਼ ਸੁਣੀ ਥੋੜਾ ਨੀਵਾਂ ਹੋਕੇ ਵੇਖਿਆ ਕੁੜੀਆਂ ਡਰ ਗਈਆਂ ਤੇ ਟਿੰਡਾਂ ਦੇ ਓਹਲੇ ਹੋ ਗਈਆਂ ਕਿ ਕੋਈ ਦੁਸ਼ਮਨ ਸਾਨੂੰ ਮਾਰਨ ਲਈ ਆ ਗਿਆ। ਕੁੰਡਾ ਸਿੰਘ ਨੇ ਕੁੜੀਆਂ ਨੂੰ ਪਹਿਚਾਣ ਲਿਆ ਕਹਿਆ ਡਰੋ ਨਾ ਧੀਓ ਮੈਂ ਤੁਹਾਡਾ ਤਾਇਆ ਕੁੰਡਾ।

ਫਿਰ ਉਹ ਬਾਹਰ ਆਈਆਂ ਕਹਿਣ ਲੱਗੀਆਂ ਤਾਇਆ ਸਾਡਾ ਕੋਈ ਨੀ ਰਹਿਆ ਪਤਾ ਨੀ ਸਭ ਕਿਧਰ ਗਏ। ਤਾਇਆ ਤੂੰ ਸਾਨੂੰ ਆਪਣੇ ਨਾਲ ਲੈ ਚੱਲ ਨਹੀਂ ਤਾਂ ਇੱਥੇ ਦੁਸ਼ਮਨ ਸਾਨੂੰ ਵੀ ਮਾਰ ਦੇਣਗੇ। ਕੁੰਡਾ ਉਹਨਾਂ ਨੂੰ ਆਪਣੀਆਂ ਧੀਆਂ ਸਮਝ ਕੇ ਲੁਕਦਾ ਲੁਕਦਾ ਆਪਣੇ ਨਾਲ ਘਰ ਲੈ ਆਇਆ। ਉਸ ਨੇ ਅੱਠ ਦਿਨ ਉਹਨਾਂ ਨੂੰ ਆਪਣੇ ਕੋਲ ਰੱਖਿਆ। ਫਿਰ ਪਿੰਡ ਦੇ ਸੂਬੇਦਾਰ ਸਰਵਨ ਕੋਲ ਉਸ ਨੇ ਗੱਲ ਕੀਤੀ।

ਕਿ ਨੂਰ ਦੇ ਬਾਕੀ ਪਰਿਵਾਰ ਦਾ ਤਾਂ ਮੈਨੂੰ ਪਤਾ ਨਹੀਂ ਕਿਥੇ ਹੈ ਪਰ ਉਸ ਦੀਆਂ ਦੋਵੇਂ ਧੀਆਂ ਮੇਰੇ ਕੋਲ ਨੇ, ਮੈਂ ਵੀ ਘਰ ਵਿੱਚ ਕੱਲਾ ਹੋਣ ਕਰਕੇ ਮੈਨੂੰ ਵੀ ਡਰ ਹੈ ਕੋਈ ਮੈਨੂੰ ਮਾਰਕੇ ਉਹਨਾਂ ਵਿਚਾਰੀਆਂ ਨੂੰ ਕੋਈ ਲੈ ਨਾ ਜਾਵੇ ਤਾਂ ਸੂਬੇਦਾਰ ਸਰਵਣ ਨੇ ਉਹਨਾਂ ਨੂੰ ਆਪਣੇ ਕੋਲ ਛੱਡ ਜਾਣ ਲਈ ਕਹਿਆ ਤੇ ਦੋ ਮਹੀਨੇ ਉਹਨਾਂ ਨੂੰ ਆਪਣੀ ਹਵੇਲੀ ਵਿੱਚ ਰੱਖਿਆ। ਦੋ ਮਹੀਨੇ ਬੀਤ ਜਾਣ ਦੇ ਬਾਅਦ ਨੂਰ ਸਿਰ ਤੇ ਪੈਰਾਂ ਤੋਂ ਨੰਗਾ, ਕਮੀਜ਼ ਫਟਿਆ ਹੋਇਆ, ਮੱਥੇ ਤੇ ਗਹਿਰਾ ਜਖ਼ਮ, ਹੱਥਾਂ ਤੋਂ ਖਾਲੀ ਪਿੰਡ ਵਾਪਿਸ ਆ ਗਿਆ। ਘਰ ਵਿੱਚ ਵੇਖਿਆ ਕੁੱਝ ਵੀ ਨਜ਼ਰ ਨਾ ਆਇਆ ਸਭ ਕੁੱਝ ਲੁੱਟ ਕੇ ਲੈ ਗਏ। ਕਿਸੇ ਨੇ ਦੱਸਿਆ ਨੂਰ ਤੇਰੀਆਂ ਕੁੜੀਆਂ ਸਰਵਣ ਕੋਲ ਨੇ ਇੰਨ੍ਹਾਂ ਕਹਿਣ ਤੇ ਨੂਰ ਸਰਵਣ ਦੀ ਹਵੇਲੀ ਚਲਾ ਗਿਆ। ਸੂਬੇਦਾਰ ਨੇ ਹੈਰਾਨ ਹੋ ਕੇ ਵੇਖਿਆ, 'ਨੂਰ' ਤੂੰ! ਨੂਰ ਆ ਗਿਆਂ ਤੂੰ ਤੇ ਤੇਰਾ ਬਾਕੀ ਦਾ ਪਰਿਵਾਰ ਕਿੱਥੇ ਆ?

ਨੂਰ ਰੋਂਦਾ ਨਾਲੇ ਦੱਸਦਾ ਕੇ ਮੇਰੇ ਸਾਰੇ ਪਰਿਵਾਰ ਨੂੰ ਜਾਲਮਾਂ ਨੇ ਮਾਰ ਦਿੱਤਾ। ਮੈਨੂੰ ਦੱਸਿਆ ਗਿਆ ਕੇ ਮੇਰੀਆਂ ਧੀਆਂ ਤੇਰੇ ਕੋਲ ਨੇ ਹਾਂ ਨੂਰ ਸਿਆਂ ਮੇਰੇ ਕੋਲ ਨੇ ਤੂੰ ਬੈਠ ਮੈਂ ਬੁਲਾਕੇ ਲੈ ਕੇ ਆਉਣਾ। ਸਰਵਣ ਨੇ ਆਵਾਜ਼ ਮਾਰੀ, ਜੈਲਮ ਜੈਲਮ ਓ ਰਾਵੀ ਥੋਡਾ ਪਿਓ ਆ ਗਿਆ ਧੀਓ, ਆਓ ਮਿਲ ਲਵੋ। ਜੈਲਮ ਤੇ ਰਾਵੀ ਨੇ ਕਹਿਆ ਨਈ ਤਾਇਆ ਸਾਡਾ ਪਿਓ ਤਾਂ ਮਰ ਗਿਆ ਸੀ। ਤਾਇਆ ਤੂੰ ਸਾਨੂੰ ਕਿਸੇ ਹੋਰ ਦੇ ਹੱਥ ਨਾ ਤੋਰ ਇਹਦੇ ਨਾਲੋਂ ਤਾਂ ਚੰਗਾ ਤੂੰ ਹੀ ਸਾਨੂੰ ਮਾਰ ਦੇ। ਨਾ ਧੀਓ ਉਹ ਤੁਹਾਡਾ ਪਿਓ ਨੂਰ ਹੀ ਹੈ। ਜਦ ਵਿਹੜੇ ਵਿੱਚ ਨੂਰ ਨੂੰ ਜਾਕੇ ਵੇਖਿਆ ਉਹਨਾਂ ਨੂੰ ਇੰਝ ਲੱਗਿਆ ਜਿਵੇਂ ਉਹਨਾਂ ਨੂੰ ਵਿਛੜੇ ਦੋ ਮਹੀਨੇ ਨਹੀਂ ਕਈ ਵਰੇ ਹੋ ਗਏ ਹੋਣ। ਬਸ ਨੂਰ ਨੂੰ ਏਹੀ ਡਰ ਸੀ ਕੇ ਇੱਕ ਦਿਨ ਜ਼ਾਲਮ ਲੋਕ ਮੇਰੀਆਂ ਧੀਆਂ ਨੂੰ ਮਾਰ ਹੀ ਦੇਣਗੇ। ਕਿਉਂ ਨਾ ਮੈਂ ਹੀ ਮਾਰ ਦੇਵਾ। ਕਈਆਂ ਦਿਨਾਂ ਬਾਅਦ ਨੂਰ ਮਾਂ ਨੂੰ ਮਿਲਮ ਦਾ ਬਹਾਨਾ ਬਣਾਕੇ ਸਰਵਣ ਤੋਂ ਚੋਰੀ ਆਪਣੀਆਂ ਧੀਆਂ ਨੂੰ ਨਾਲੇ ਨਾਲ ਨਾਲ, ਕਰੀਰਾਂ. ਝਾੜ-ਮਲਿਆਂ ਕੋਲੋਂ ਦੀ ਹੁੰਦਾ ਹੋਇਆ ਪੂਲਿਆਂ ਦੇ ਓਹਲੇ ਲੈ ਜਾਂਦਾ ਹੈ।

ਓਧਰ ਸਰਵਣ ਦੀ ਨੂੰਹ ਸੁਰਜੀਤ ਨੇ ਨੂਰ ਨੂੰ ਵੇਖ ਲਿਆ ਸੀ ਕਿ ਉਹ ਜੈਲਮ ਤੇ ਰਾਵੀ

ਨੂੰ ਆਪਣੇ ਨਾਲ ਲੈ ਗਿਆ। ਜਦ ਇਹ ਗੱਲ ਸੂਬੇਦਾਰ ਨੂੰ ਪਤਾ ਲੱਗੀ ਤਾਂ ਉਸ ਨੇ ਓਸੇ ਵਖ਼ਤ ਘੋੜੀ ਤੇ ਨੂਰ ਦਾ ਪਿੱਛਾ ਕੀਤਾ ਤੇ ਨੂਰ ਨੂੰ ਫੜ ਲਿਆ। ਕਿਹਾ ਏ ਕੀ ਕਰ ਰਹਿਆਂ ਤੂੰ ਨੂਰ? ਨੂਰ ਨੇ ਕਹਿਆ ਮੈਂ ਆਪਣੀਆਂ ਧੀਆਂ ਨੂੰ ਏਸ ਲਈ ਮਾਰ ਰਿਹਾ ਸੀ ਕਿਉਂਕਿ ਦੁਸ਼ਮਣਾ ਨੇ ਵੀ ਇੰਨ੍ਹਾਂ ਦੀਆਂ ਪੱਤਾਂ ਨੂੰ ਲੁੱਟ ਕੇ ਮਾਰ ਹੀ ਦੇਣਾ ਸੀ। ਤੇ ਸੂਬੇਦਾਰ ਨੇ ਧੀਆਂ ਨੂੰ ਫਿਰ ਬਚਾ ਲਿਆ। ਤੇ ਉਸ ਦਿਨ ਤੋਂ ਨੂਰ ਪਿੰਡ ਛੱਡ ਚਲਾ ਗਿਆ ਤੇ ਅੱਜ ਤੱਕ ਮੁੜਕੇ ਵਾਪਿਸ ਨਹੀਂ ਆਇਆ।

ਜੋ ਨੂਰ ਦੇ ਪਰਿਵਾਰ ਨਾਲ ਹੋਇਆ। ਪਤਾ ਨਹੀਂ ਉਹ ਕਿੰਨੇ ਕੁ ਪਰਿਵਾਰਾ ਨਾਲ ਹੋਇਆ ਹੋਵੇਗਾ।

ਕਿਸ ਖੁਸ਼ੀ ਵਿੱਚ ਅਸੀਂ ਆਜ਼ਾਦੀ ਦਿਵਸ ਮਨਾਉਂਦੇ ਹਾਂ?

ਉਹਨਾਂ ਦੇ ਘਰਾਂ ਨੂੰ ਉਜਾੜਕੇ, ਉਹਨਾਂ ਦੀਆਂ ਮਾਵਾਂ ਤੋਂ ਪੁੱਤ ਖੋਹਕੇ, ਉਹਨਾਂ ਦੀਆਂ ਧੀਆਂ ਦੀ ਇੱਜ਼ਤ ਲੁੱਟਕੇ, ਭੈਣਾਂ ਨੂੰ ਸਿਰਾਂ ਤੋਂ ਨੰਗੀਆਂ ਕਰਕੇ ਜਾ ਫੇ ਉਹਨਾਂ ਦੇ ਭਰਾਵਾਂ ਨੂੰ ਮਾਰਕੇ...

ਜੇ 15 ਅਗਸਤ 1947 ਆਜ਼ਾਦੀ ਦਿਵਸ ਹੋ ਸਕਦਾ ਤਾਂ

16 ਅਗਸਤ 1947 ਵਿਛੋੜਾ ਦਿਵਸ ਕਿਉਂ ਨਈ ਹੋ ਸਕਦਾ...

ਅੱਜ ਅਸੀਂ ਜਿਸ ਧਰਤੀ ਵਿੱਚੋਂ ਅੰਨ ਉਗਾ ਰਹੇ ਹਾਂ, ਓਸੇ ਧਰਤੀ ਦੀ ਮਿੱਟੀ ਵਿੱਚ ਹੀ ਉਹਨਾਂ ਦੀਆਂ ਲਾਸ਼ਾ ਦੇ ਪਿੰਜਰ ਮਿਲੇ ਹੋਏ ਨੇ ਉਹਨਾਂ ਦਾ ਖੂਨ ਹੈ, ਉਹਨਾਂ ਦੀਆਂ ਧੀਆਂ ਦੀਆਂ ਚੀਕਾਂ ਨੇ, ਉਹਨਾਂ ਦੇ ਪੁੱਤਾਂ ਦੀਆਂ ਬਰਾਤਾਂ ਨੇ ਉਹਨਾਂ ਸੁਹਾਗਣਾ ਦੇ ਸੰਧੂਰ ਨੇ ਜਿੰਨ੍ਹਾ ਦੀ ਖੁਸ਼ਬੂ ਹਮੇਸ਼ਾਂ ਆਉਂਦੀ ਰਹੂ...

ਭਲਾ ਅਜ਼ਾਦੀ ਕਾਹਦੀ

ਬਾਪੂ ਤੇਰੇ ਆਹ ਖੇਤਾਂ ਵਿੱਚ,
ਤੇਰੇ ਪੁੱਤਾਂ ਦਾ ਡੁੱਲਿਆ ਰੱਤ,
ਜਿੱਥੇ ਭੈਣਾਂ ਦੀਆਂ ਇੱਜਤਾਂ ਲੁੱਟੀਆਂ ਗਈਆਂ,
ਸੁਹਾਗਣਾਂ ਦੇ ਸੁਹਾਗ ਉਜਾੜੇ ਗਏ,
ਉਨ੍ਹਾਂ ਮਾਵਾਂ ਦੇ ਪੁੱਤਾਂ ਦੀਆਂ ਲਾਸ਼ਾਂ ਪਈਆਂ ਰਹੀਆਂ,
ਜਿੰਨ੍ਹਾਂ ਦੇ ਪਿੰਜਰ,
ਤੇਰੇ ਖੇਤਾਂ ਵਿੱਚ ਰੁਲੇ।

ਬਾਪੂ...
ਤੇਰੀ ਮਿੱਟੀ ਵਿੱਚ ਉਹ ਪਿੰਜਰਾਂ ਨੂੰ
ਸੱਤ ਦਹਾਕੇ ਹੋ ਗਏ ਪਿਆਂ ਨੂੰ,
ਉਹ ਮਿੱਟੀ ਨਾਲ ਮਿੱਟੀ ਬਣਗੇ
ਤੇ ਅਸੀਂ ਸਭ ਓਸੇ ਮਿੱਟੀ ਚੋਂ ਅੰਨ ਉਗਾਕੇ ਖਾਂਦੇ ਰਹੇ...
ਤੇ ਸਮਝਦੇ ਰਹੇ ਕੇ ਓਸ ਦਿਨ ਅਸੀਂ ਆਜ਼ਾਦ ਹੋਏ ਸੀ...
ਬਾਪੂ,
ਮੈਂ ਬਹੁਤਾ ਨੀ ਬੋਲਦਾ,
ਮੇਰਾ ਇੱਕੋ ਹੀ ਸਵਾਲ ਆ,
ਸਾਡੇ,
ਸਾਡੇ ਤੋਂ ਵਿਛੜੇ ਸੀ...
ਭਲਾਂ ਆਜ਼ਾਦੀ ਕਾਹਦੀ..?

ਪਿਛਲੇ ਸਾਲ ਦੀ ਦਿਵਾਲੀ

ਜੱਗਿਆ...
ਉੱਠ ਪੁੱਤ
ਨਹਾਲਾ
ਆਪਾਂ ਬਾਬਿਆਂ ਦੇ ਮੱਥਾ ਵੀ ਤਾਂ ਟੇਕ ਕੇ ਆਉਣਾ,
ਜਾਹ ਖੜਾ ਹੋ...
ਬੀਬੀ ਪੈ ਜਾਣ ਦੇ ਥੋੜਾ ਟਾਈਮ ਹੋਰ,
ਵੇ ਕਮਲਿਆ ਅੱਜ ਦਿਵਾਲੀ ਆ,
ਜਾਹ ਤਿਆਰ ਹੋਜਾ...
ਜੱਗਾ ਉੱਠਿਆ ਤਿਆਰ ਹੋ ਗਿਆ,
ਕਰਮਾਂ ਮਾਰਾ ਅੱਜ ਬੜਾ ਸੋਹਣਾ ਲੱਗਦਾ,
ਸਿਰ ਤੇ ਗੁਲਬੀ ਪੱਗ ਬੰਨੀ,
ਜਿਵੇਂ ਵਿਆਹੁਣ ਜਾਣਾ ਹੋਵੇ...
ਸ਼ਾਮਾਂ ਪੈ ਚੱਲੀਆਂ...
ਬੀਬੀ ਮੈਂ ਸ਼ਹਿਰ ਚੱਲਿਆਂ,
ਦਿਵਾਲੀ ਦਾ ਸਮਾਨ ਲੈਣ...

ਚੰਦਰਾ ਅੱਜ ਦੇ ਦਿਨ ਦਾ ਗਿਆ,
ਮੁੜਕੇ ਨੀ ਆਇਆ,
ਪਤਾ ਨੀ ਕਿਹੜੇ ਰਾਹ ਖਾ ਗਏ ਓਸ ਦੀ ਜਵਾਨੀ ਨੂੰ,
ਜੱਗੇ ਨੂੰ ਉਡੀਕ ਦਿਆਂ ਉਡੀਕ ਦਿਆਂ ਠੂਠੀਆਂ ਨੇ ਤੇਲ ਵੀ ਸੋਖ ਲਿਆ,
ਤੇ ਘਰ ਜਾ ਜਗਦਾ ਦੀਵਾ ਹਮੇਸ਼ਾ ਲਈ ਬੁਝ ਗਿਆ...

ਮੇਰੇ ਮਹਾਤੜ ਬਾਬੇ

ਇਹ ਮਹਾਤੜ ਕੀ ਜਾਣਦੇ ਨੇ,
ਕੇ ਗੁੱਚੀ ਕੀ ਹੁੰਦੀ ਆ,

ਜਾ ਬੋਰੋਪਲੱਸ, ਇਚਗਾਡ ਕੀਹਨੂੰ ਕਹਿੰਦੇ ਨੇ।

ਸਿਆਲਾ ਵਿੱਚ ਪਾਟੀਆਂ ਅੱਡੀਆਂ
ਦੀਆਂ ਵਿਆਈਆਂ ਨੂੰ
ਜਾਂ ਇਹ ਰਬੜ ਦੇ ਸੱਤਰਾਂ ਆਲੇ ਬੂਟ ਪਾਕੇ ਠੀਕ ਕਰ ਲੈਂਦੇ ਸੀ।

ਜਾਂ ਫਿਰ ਬਚੀਆਂ ਦਿਵਾਲੀ ਵੇਲੇ ਦੀਆਂ,
ਮੋਮਬੱਤੀਆਂ ਨੂੰ ਘਰ ਦੇ ਸਰੋਂ ਦੇ ਤੇਲ ਵਿੱਚ ਕਾੜ ਕੇ
ਵਿਆਈਆਂ 'ਚ ਪਾਕੇ
ਤੇ ਉੱਤੋਂ ਦੀ ਲਫਾਫੇ ਲਪੇਟ ਕੇ ਪੈ ਜਾਂਦੇ,

ਤੇ ਧਨੋਂਗੇ, ਬੂਟਾਂ ਨੂੰ ਗੂਟ ਹੀ ਦੱਸਦੇ ਸੀ...

ਨਾ 'ਪੇਨਕਿਲਰ' ਦਾ ਪਤਾ ਇੰਨ੍ਹਾਂ ਨੂੰ,
ਨਾ ਪੈਰਾਸੀਟਾਮੋਲ ਦਾ...

ਅੱਬਲਾ ਤਾਂ ਚੜਦਾ ਨੀ ਸੀ
ਜੇ ਕੀਤੇ ਤਾਪ ਚੜ ਵੀ ਜਾਂਦਾ ਇੰਨ੍ਹਾਂ ਨੂੰ,
ਬਸ ਪਾਕੇ ਫੁੱਲ ਪੱਤੀ,



ਪੀਕੇ ਮਾਰੂ ਚਾਹ,
ਦੋੜਾ ਲੈ ਕੇ ਧੁੱਪੇ ਪੈ ਜਾਂਦੇ...
ਅਖੇ ਮੁੜਕੇ ਨਾਲ ਠੀਕ ਹੋਜੂ।
ਤੇ ਹੁਣ ਹਰੇ ਪੱਨੇ ਆਲੀ ਜਰੂਰ ਜਾਣਦੇ ਨੇ,
ਗੋਡੇ ਦੁਖਦੇ ਦੀ।

ਇਹ ਵੱਡੇ ਵੱਡੇ ਫੱਟ,
ਦੇਸੀ ਨੁਕਤਿਆਂ ਨਾਲ ਠੀਕ ਕਰ ਲੈਂਦੇ ਸੀ,
ਤੇਲ 'ਚ ਹਲਦੀ ਕਾੜ ਕੇ,
ਜਖ਼ਮ ਤੇ ਬੰਨ ਲੈਣੀ, ਇੰਨ੍ਹਾਂ ਦਾ ਦੇਸੀ ਨੁਕਤਾ ਸੀ।

ਜੇ ਛੋਟੀ ਉਮਰੇ ਖੇਡਦਿਆਂ ਦੇ ਗੋਡੇ ਝਿਰੜੇ ਜਾਂਦੇ
ਤਾਂ ਥੁੱਕ ਦਾ ਲੇਪ ਕਰਕੇ, ਉਤੇ ਰੇਤਾ ਪਾ ਲੈਣਾ।
ਮਾੜੀਆਂ ਮੋਟੀਆਂ ਸੱਟਾਂ ਨੂੰ ਤਾਂ ਘੱਟ ਹੀ ਗੌਲਦੇ ਸੀ।

ਹਮੇਸ਼ਾਂ ਚੜ੍ਹਦੀ ਕਲਾ 'ਚ ਰਹਿੰਦੇ, ਮੇਰੇ ਮਹਾਤੜ ਬਾਬੇ।

ਪਰ ਹੁਣ ਸਮੇਂ ਦੀਆਂ ਹਕੂਮਤਾਂ ਨੇ,
ਇੰਨ੍ਹਾਂ ਨੂੰ ਭਾਰੀ ਜਖ਼ਮ ਦਿੱਤੇ ਨੇ,

ਜਿੰਨ੍ਹਾਂ ਦੇ ਤੋੜ ਲਈ ਹੁਣ ਇਹ,
ਪਰਨੇ, ਰੱਸੇ ਅਤੇ ਸਪਰੇਹਾਂ ਨੂੰ ਜ਼ਰੂਰੀ ਸਮਝਦੇ ਨੇ...

ਨਵਾਂ ਸਾਲ

ਇਸ ਆਲਮ ਵਿੱਚ ਸਭ ਗਰੀਬਾਂ ਨੂੰ ਅਮੀਰਾਂ ਨੂੰ,
ਨਵੇਂ ਸਾਲ ਦਾ ਹਰ ਇੱਕ ਨਵਾਂ ਦਿਨ ਮੁਬਾਰਕ ਹੋਵੇ..
ਜੋ ਇਹਦੇ ਲਫ਼ਜਾਂ ਨੂੰ ਮੁਹੱਬਤ ਦਿੰਦੇ ਨੇ,
ਤੇ ਜੋ ਖਫ਼ਾ ਨੇ ਉਹਨਾਂ ਨੂੰ ਵੀ ਮੁਬਾਰਕ...

ਸਾਡੇ ਸਭ ਲਈ ਹਰ ਦਿਨ ਨਵਾਂ ਹੀ ਹੁੰਦਾ ਹੈ,
ਪਰ ਅਸੀਂ ਹਰ ਇੱਕ ਨਵਾਂ ਦਿਨ ਲੰਘ ਜਾਣ ਤੋਂ ਬਾਅਦ ਪੁਰਾਣੇ ਹੋ ਜਾਂਦੇ ਹਾਂ...
ਆਪੇ ਵਿੱਚ ਸੋਚੋ ਅਸੀਂ ਉਹਨਾਂ ਨੂੰ ਨਵਾਂ ਸਾਲ ਕਿਹਾ ਜਾ ਨਹੀਂ,
ਜਿੰਨਾਂ ਨੂੰ ਕੋਈ ਵੀ ਮੁਬਾਰਕ ਨਹੀਂ ਦਿੰਦਾ...
ਜੋ ਰਾਤਾਂ ਨੂੰ ਸੜਕਾਂ ਤੇ ਸਾਉਂਦੇ ਨੇ..
ਜਿੰਨਾ ਦੇ ਇਹ ਲਫ਼ਜ ਹੀ ਸਹਾਰਾ ਨੇ..
ਜੋ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦੇ ਨੇ,
ਉਹਨਾਂ ਨੂੰ ਕੋਈ ਇਹ ਸਾਲ ਮੁਬਾਰਕ ਕਿਉਂ ਨਹੀਂ ਕਹਿੰਦਾ...?
ਅੱਜ ਕਈਆਂ ਨੇ ਹਜਾਰ ਹਜਾਰ ਵਾਲੇ ਕਾਰਡ ਖਰੀਦੇ ਹੋਣਗੇ..
ਜਿੰਨਾ ਵਿੱਚੋਂ ਕਈਆਂ ਦਾ ਮੁੱਲ ਰੱਦੀ ਪਾਇਆ ਜਾਵੇਗਾ..
ਵੱਡੇ ਲੋਕਾਂ ਨੂੰ ਅਸੀਂ ਬੜੇ ਵਧੀਆ ਢੰਗ ਨਾਲ ਮੁਬਾਰਕ ਦਿੰਦੇ ਹਾਂ....
ਜਿੰਨਾ ਦੇ ਬਦਲੇ ਸਾਨੂੰ ਧੰਨਵਾਦ ਮਿਲਦਾ ਹੈ।
ਪਰ ਕਈ ਵਾਰ ਹੰਕਾਰੀ ਲੋਕ ਜਵਾਬ ਹੀ ਨਹੀਂ ਦਿੰਦੇ,
ਅਸੀਂ ਆਪਣੇ ਤੋਂ ਬਹੁਤੇ ਗਰੀਬ,
ਯਤੀਮ ਲੋਕਾਂ ਨੂੰ ਮੁਬਾਰਕ ਨਹੀਂ ਦਿੰਦੇ।



ਕਿਉਂਕਿ ਅਸੀਂ ਸ਼ਰਮ ਮੰਨਦੇ ਹਾਂ...
ਇਹ ਗਰੀਬ ਲੋਕ ਸਾਡਾ ਧੰਨਵਾਦ ਨਹੀਂ ਕਰਦੇ,
ਇਹ ਅਨਪੜ੍ਹ ਹਨ ਤਾਂ ਕਰਕੇ।
ਪਰ ਇਹ ਦੁਆਵਾਂ ਜ਼ਰੂਰ ਦਿੰਦੇ ਨੇ,
ਅਸੀਂ ਧੰਨਵਾਦ ਦੇ ਭੁੱਖੇ ਹਾਂ...

ਤੁਸੀਂ ਆਪਣੇ ਅੰਦਰੋਂ ਕਿਬਰ ਨੂੰ ਮਾਰੋ,
ਨਾ ਕੇ ਇਹਨਾਂ ਗਰੀਬਾਂ ਦੀਆਂ ਸਧਰਾਂ..
ਇਹ ਤੁਹਾਡੇ ਤੋਂ ਹੀ ਆਸ ਰੱਖਦੇ ਨੇ,
ਪਰ ਅਸੀਂ ਦੂਰ ਰਹਿਣਾ ਹੀ ਪਸੰਦ ਕਰਦੇ ਹਾਂ..
ਕਿਉਂਕਿ ਸਾਡੇ ਕੱਪੜੇ,
ਇਹਨਾਂ ਦਿਆਂ ਕੱਪੜਿਆਂ ਤੋਂ ਮਹਿੰਗੇ ਹੁੰਦੇ ਨੇ ਇਸ ਲਈ..।

ਬਹੁਤ ਪਿਆਰ ਰੱਬ ਦੀਆਂ ਬਣਾਈਆਂ ਉਹਨਾਂ ਰੂਹਾਂ ਨੂੰ,
ਜਿੰਨਾ ਦੀਆਂ ਦੁਆਵਾਂ ਕਰਕੇ ਅਸੀਂ ਜਿਉਂਦੇ ਹਾਂ..ਨਵਾਂ ਸਾਲ ਮੁਬਾਰਕ...

ਸੋਚ

ਮੈਂ ਇਹ ਨੀ ਕਹਿੰਦਾ ਕੇ ਮੈਂ ਚੰਗਾ ਹਾਂ,
ਮੇਰੀ ਵੀ ਸੋਚ ਬੁਰੀ ਹੈ...
ਪਰ ਮੈਂ ਅਹਿਸਾਸ ਜਰੂਰ ਕਰਦਾ ਹਾਂ,
ਜਦ ਮੈਂ ਕਿਸੇ ਮੁੰਡੇ ਪਿੱਛੇ ਬੈਠੀ ਜਾਂਦੀ ਕੁੜੀ ਨੂੰ ਪੁਰਜਾ ਕਹਿੰਦਾ ਹਾਂ,
ਇਹ ਮੇਰੀ ਸੋਚ ਹੈ
ਜਦ ਕਿ
ਸ਼ਾਇਦ ਨਹੀਂ,
ਪੱਕਾ ਉਹ ਉਸ ਦੀ ਭੈਣ ਹੀ ਹੁੰਦੀ ਹੈ..
ਮੇਰੇ ਨਾਲ ਵੀ ਏਦਾਂ ਹੋਇਆ,
ਤੇ ਤੁਹਾਡੇ ਨਾਲ ਵੀ ਕਦੀ ਹੋਇਆ ਹੋਵੇਗਾ..
ਮੈਂ ਜਿਸ ਨੂੰ ਮਿਲਣਾ ਚਾਹੁੰਦਾ ਸੀ,
ਓਸ ਨੂੰ ਮੈਂ ਭੈਣ ਸਮਝਦਾ ਸੀ,
ਨਾ ਕੇ ਮਸ਼ੂਕ..
ਜੋ ਮੇਰੇ ਨਾਲ ਬੱਸ ਚ ਬੈਠੀ ਸੀ,
ਤੁਸੀਂ ਓਸ ਨੂੰ ਵੀ ਮੇਰੀ ਮਸ਼ੂਕ ਬਣਾ ਦਿੱਤਾ,
ਜਦ ਕਿ ਉਹ ਵੀ ਮੇਰੀ ਭੈਣ ਸੀ..
ਕਿਉਂ ਨੀ ਸੋਚਦੇ ਅਸੀਂ,
ਕਿੱਥੇ ਗਈ ਸਾਡੀ ਸੋਚ..
ਜਦ ਕੋਈ ਵੀ ਮੁੰਡਾ ਕਿਸੇ ਕੁੜੀ ਨੂੰ ਮਿਲਦਾ ਹੈ,
ਕਿਉਂ ਸਾਡੀ ਸੋਚ ਬਦਲ ਜਾਂਦੀ ਹੈ..



ਕਿਉਂ ਅਸੀਂ ਉਹਨਾਂ ਦੇ ਮਿਲਣ ਨੂੰ,
ਇੱਕ ਆਸ਼ਿਕ ਮਸ਼ੂਕ ਦਾ ਰੂਪ ਦੇ ਦਿੰਦੇ ਹਾਂ..
ਕਿਸੇ ਵਹੀਕਲ ਤੇ ਬੈਠੀ ਜਾਂਦੀ ਨੂੰ ਵੀ,
ਅਸੀਂ ਪਤਾ ਨੀ ਕੀ ਕੀ ਬਣਾ ਦਿੰਦੇ ਹਾਂ,
ਸਾਨੂੰ ਏ ਵੀ ਨੀ ਪਤਾ ਹੁੰਦਾ,
ਕਿ ਉਹਨਾਂ ਦਾ ਰਿਸ਼ਤਾ ਕੀ ਹੈ..
ਜੇ ਅਸੀਂ ਚੰਗੇ ਨਹੀਂ,
ਇਹ ਸੋਚ ਚੰਗੀ ਬਣਾਈਏ,
ਕਦੀ ਤਾਂ ਏਸ ਦਾ ਅਸਰ ਸਾਨੂੰ ਚੰਗੇ ਬਣਾ ਹੀ ਦੇਵੇਗਾ..
ਪਰ ਅਸੀਂ ਨਾ ਸੋਚੀਏ ਏਦਾਂ..
ਮੈਂ ਸਭ ਨੂੰ ਪਿਆਰ ਦਿੰਦਾ ਹਾਂ..
ਆਈ ਲਵ ਯੂ ਕਹਿੰਦਾ ਹਾਂ,
ਮੇਰੀ ਭੈਣ ਨੂੰ ਵੀ,
ਦੋਸਤ ਨੂੰ ਵੀ,
ਮਹਿਬੂਬ ਨੂੰ ਵੀ,
ਮਾਂ ਨੂੰ ਵੀ,
ਫਿਰ ਕਿਉਂ ਅਸੀਂ ਪਿਆਰ ਸ਼ਬਦ ਬਾਰੇ ਗ਼ਲਤ ਸੋਚਦੇ ਹਾਂ..
ਮੈਂ ਬਹੁਤ ਕੁੜੀਆਂ ਨਾਲ ਗੱਲਾਂ ਕਰਦਾ ਹਾਂ,
ਤੇ ਉਹਨਾਂ ਨੂੰ ਮਿਲਦਾ ਵੀ ਹਾਂ,
ਉਹਨਾਂ ਨੂੰ ਮਿਲਣ ਬਾਰੇ ਕਹਿੰਦਾ ਵੀ ਹਾਂ,
ਉਹ ਮੈਨੂੰ ਮਿਲਦੀਆਂ ਵੀ ਨੇ,

ਕਈ ਬਾਰ ਉਹ ਵੀ 'ਮਿਲਣ' ਸ਼ਬਦ ਤੋਂ ਡਰ ਜਾਂਦੀਆਂ ਨੇ..
ਇਹ ਸ਼ਬਦ ਮਾੜੇ ਨਹੀਂ,
ਸਾਡੀ 'ਸੋਚ' ਮਾੜੀ ਹੈ...



ਝੱਲਾ

ਝੱਲਾ ਜੋ ਕਿ ਬੜਾ ਹੀ ਸ਼ਰੀਫ ਤੇ ਨਰਮ ਸੁਭਾਅ ਦਾ ਮੁੰਡਾ ਪਿੰਡ ਦੇ ਸਰਕਾਰੀ ਸਕੂਲ ਵਿੱਚ ਗਿਆਰਵੀਂ ਜਮਾਤ ਦਾ ਵਿਦਿਆਰਥੀ ਸੀ,
ਘਰ ਦੀ ਗਰੀਬੀ ਕਰਕੇ ਪਿੰਡ ਦੇ ਸਾਰੇ ਮੁੰਡੇ ਝੱਲਾ ਆਖ ਕੇ ਬੁਲਾਉਦੇ ਸੀ।
ਬੜੇ ਹੀ ਸਾਦੇ ਜਏ ਕੱਪੜੇ ਪਾ ਕੇ ਰੱਖਦਾ ਸੀ,
ਦਿਲ ਦਾ ਸਾਫ਼,
ਸਭ ਨੂੰ ਪਿਆਰ ਮੋਹ ਕਰਨ ਵਾਲਾ,
ਮਾਂ ਬੋਲਦੀ ਝੱਲਿਆ ਜੇ ਤੂੰ ਏਦਾਂ ਹੀ ਰਿਹਾ ਕਿਸੇ ਨੇ ਕੁੜੀ ਨੀ ਦੇਣੀ ਤੈਨੂੰ..
ਕੋਈ ਗੱਲ ਨੀ ਮਾਂ ਕੋਈ ਤਾਂ ਹੋਊ ਮੇਰੇ ਜਹੀ ਝੱਲੀ ਜੋ ਬਸ ਰੱਬ ਨੇ ਮੇਰੇ ਲਈ ਹੀ ਬਣਾਈ ਹੋਊ...
ਝੱਲੇ ਦਾ ਦਾਖਲਾ ਸਕੂਲ ਵਿੱਚ ਹੋਇਆ,
ਪਹਿਲਾਂ ਵਾਂਗ ਹੀ ਸਾਦਾ ਜਾ ਬਣ ਕੇ ਸਕੂਲ ਗਿਆ,
ਝੱਲੇ ਨੂੰ ਵੇਖ ਕੇ ਸਾਰੇ ਜਮਾਤੀ ਹੱਸ ਪਏ...
ਅਧਿਆਪਕ ਨੇ ਪੁੱਛਿਆ ਕੀ ਨਾਂ ਏ ਤੇਰਾ ਕਾਕੇ...?
ਕਿਹਾ ਮਾਸਟਰ ਜੀ ਨਾਮ ਤਾਂ ਮੇਰਾ ਪਤਾ ਨੀ ਪਰ ਪਿੰਡ ਦੇ ਮੁੰਡੇ ਝੱਲਾ ਆਖਕੇ ਬਲਾਉਂਦੇ ਨੇ
ਤੇ ਮੇਰੀ ਭੋਲੀ ਮਾਂ ਵੀ।
ਮਾਸਟਰ ਵੀ ਹੱਸ ਕੇ ਬੋਲਿਆ ਅੱਛਾ...
ਕੀ ਕਰਦਾ ਹੁੰਨਾ ਫਿਰ ਝੱਲਿਆ...?
ਝੱਲਾ ਥੋੜਾ ਉਦਾਸ ਹੋ ਕੇ...ਕੁੱਝ ਨੀ ਮਾਸਟਰ ਜੀ ਬਸ ਗੁਆਂਢੀਆਂ ਦੀਆਂ ਮੱਝਾਂ ਚਾਰਨ ਲੈ ਜਾਨਾ।

'ਤੇ ਹੋਰ ਕੁੱਝ'
...ਹੋਰ ਕੁੱਝ ਨੀ ਜੀ ਥੋੜਾ ਮੋਟਾ ਗਾ ਗੂ ਲਈ ਦਾ
'ਅੱਛਾ ਸੁਣਾ ਫਿਰ'
ਝੱਲੇ ਨੇ ਗੀਤ ਸੁਣਾਇਆ।
ਜਮਾਤ ਵਿੱਚ ਬੈਠੀ ਵੱਡੀ ਹਵੇਲੀ ਵਾਲਿਆਂ ਦੀ ਕੁੜੀ ਕਾਟੋ ਰੋ ਪਈ ਤੇ ਝੱਲਾ ਉਹਨੂੰ ਵੇਖ ਕੇ ਚੁੱਪ ਹੋ ਗਿਆ।
ਛੁੱਟੀ ਹੋਣ ਤੋਂ ਬਾਅਦ ਕਾਟੋ ਝੱਲੇ ਨੂੰ ਮਿਲਣਾ ਚਾਹੁੰਦੀ ਸੀ ਪਰ ਝੱਲਾ ਅੱਖ ਬਚਾ ਕੇ ਚਲਾ ਗਿਆ ਆਪਣੇ ਘਰ,
ਕਿਉਂਕਿ ਉਹ ਵੱਡੇ ਘਰ ਦੀ ਕੁੜੀ ਸੀ।
ਝੱਲਾ ਕਈ ਦਿਨ ਸਕੂਲ ਨਾ ਆਇਆ ਕਾਟੋ ਉਸ ਨੂੰ ਉਡੀਕ ਦੀ ਰਹੀ ਕੇ ਕਦ ਉਹ ਆਵੇ ਤੇ ਉਹ ਉਸ ਨੂੰ ਮਿਲੇ।
ਕਈ ਦਿਨਾਂ ਬਾਅਦ ਜਦ ਝੱਲਾ ਸਕੂਲ ਆਇਆ ਤਾਂ ਮਾਸਟਰ ਨੇ ਪੁੱਛਿਆ 'ਕਿੱਥੇ ਚਲਾ ਗਿਆ ਸੀ ਝੱਲਿਆ,
ਇਨ੍ਹੇ ਦਿਨ ਹੋ ਗਏ ਤੂੰ ਸਕੂਲ ਨੀ ਆਇਆ'
ਤਾਂ ਝੱਲਾ ਰੋ ਪਿਆ ਕਿਹਾ ਮਾਸਟਰ ਜੀ ਮੇਰੀ ਮਾਂ ਬਹੁਤ ਬਿਮਾਰ ਹੋ ਗਈ ਸੀ ਤਾਂ ਮਾਸਟਰ ਨੇ ਝੱਲੇ ਨੂੰ ਆਪਣੀ ਬੁੱਕਲ ਵਿੱਚ ਘੁੱਟ ਕੇ ਪਿਆਰ ਦਿੱਤਾ ਤੇ ਸਭ ਸਮਝ ਗਿਆ।
ਛੁੱਟੀ ਹੋਣ ਤੋਂ ਬਾਅਦ ਫਿਰ ਝੱਲਾ ਕਾਟੋ ਨੂੰ ਬਿਨਾ ਮਿਲੇ ਘਰ ਆ ਗਿਆ। ਇਹਨਾਂ ਦਿਨਾਂ ਵਿੱਚ ਝੱਲੇ ਦੀ ਮਾਂ ਹੋਰ ਬਿਮਾਰ ਹੋ ਗਈ, ਮਾਂ ਦਾ ਝੱਲੇ ਤੋਂ ਬਗੈਰ ਤੇ ਝੱਲੇ ਦਾ ਮਾਂ ਤੋਂ ਬਗੈਰ ਹੋਰ ਕੋਈ ਨਹੀਂ ਸੀ। ਝੱਲਾ ਅੱਜ ਸਕੂਲ ਤਾਂ ਗਿਆ ਪਰ ਜਮਾਤ ਵਿੱਚ ਨਾ ਗਿਆ ਬਾਹਰ ਹੀ ਸਕੂਲ ਦੇ ਨਲਕੇ ਕੋਲ ਬੈਠਾ ਰਿਹਾ ਕਿ ਜਦੋਂ ਕਾਟੋ ਪਾਣੀ ਪੀਣ ਆਵੇਗੀ ਉਹ ਉਸ ਨਾਲ ਆਪਣੇ ਦੁੱਖ ਸਾਂਝੇ ਕਰੇਗਾ ਹੋ ਸਕਦਾ ਕਾਟੋ ਦੇ ਦਿਲ

ਚ ਝੱਲੇ ਲਈ ਪਿਆਰ ਹੋਵੇ।

ਛੁੱਟੀ ਹੋਈ ਕਾਟੋ ਪਾਣੀ ਪੀਣ ਲਈ ਆਈ ਤੇ ਝੱਲੇ ਨੂੰ ਉਦਾਸ ਵੇਖਕੇ ਪੁੱਛਿਆ ਕੀ ਗੱਲ ਝੱਲਿਆ ਸਭ ਠੀਕ ਤਾਂ ਹੈ, ਝੱਲੇ ਨੇ ਕਿਹਾ ਕਾਟੋ ਪਹਿਲੇ ਦਿਨ ਜਦ ਮੈਂ ਜਮਾਤ ਵਿੱਚ ਗੀਤ ਗਾਇਆ ਸੀ ਮੈਂ ਵੇਖ ਲਿਆ ਸੀ ਤੇਰੀਆਂ ਅੱਖਾਂ ਦੇ ਹੰਝੂਆਂ ਵਿੱਚ ਮੇਰੀ ਜ਼ਿੰਦਗੀ ਦਾ ਦਰਦ ਤੂੰ ਕਿੰਨਾਂ ਮਹਿਸੂਸ ਕੀਤਾ। ਘਰ ਵਿੱਚ ਮੇਰੀ ਮਾਂ ਬਹੁਤ ਬਿਮਾਰ ਆ ਮੇਰੇ ਕੋਲ ਪੈਸੇ ਨਹੀਂ ਕੇ ਮੈਂ ਉਸ ਦਾ ਇਲਾਜ ਕਰਵਾ ਸਕਾਂ। ਕਾਟੋ ਸਮਝ ਗਈ ਕਿਉਂਕਿ ਉਹ ਝੱਲੇ ਨੂੰ ਬਹੁਤ ਪਿਆਰ ਕਰਦੀ ਸੀ, ਦੂਸਰੇ ਦਿਨ ਕਾਟੋ ਨੇ ਆਪਣੀ ਮਾਂ ਤੋਂ ਜੋ ਪੈਸੇ ਲਏ ਉਹ ਝੱਲੇ ਨੂੰ ਦੇ ਦਿੱਤੇ ਤੇ ਝੱਲੇ ਨੇ ਪੈਸਿਆਂ ਦੇ ਬਦਲੇ ਵਿੱਚ ਕਾਟੇ ਨੂੰ ਉਸ ਦੇ ਘਰ ਕੋਈ ਵੀ ਕੰਮ ਕਰਨ ਲਈ ਕਿਹਾ, ਇਹ ਗੱਲ ਸੁਣਕੇ ਕਾਟੇ ਤੋਂ ਰਹਿ ਨਾ ਹੋਇਆ ਉਸ ਨੇ ਝੱਲੇ ਨੂੰ ਆਪਣੀਆਂ ਬਾਹਾਂ ਵਿੱਚ ਘੁੱਟ ਕੇ ਕਿਹਾ ਝੱਲਿਆ ਇਹ ਵੱਡੀ ਹਵੇਲੀ ਵਾਲਿਆ ਦਾ ਕੁੜੀ ਕਾਟੋ ਤੇਰੇ ਨਾਲ ਸਾਰੀ ਜ਼ਿੰਦਗੀ ਰਹਿਣ ਨੂੰ ਤਿਆਰ ਹੈ ਤੇ ਝੱਲਾ ਰੋਦਾਂ ਰੋਦਾਂ ਆਪਣੇ ਘਰ ਆ ਗਿਆ, ਘਰ ਆ ਕੇ ਮਾਂ ਨੂੰ ਕਿਹਾ ਮਾਂ ਮੈਂ ਤੇਰੇ ਇਲਾਜ ਲਈ ਵੱਡੀ ਹਵੇਲੀ ਵਾਲਿਆਂ ਦੀ ਕਾਟੋ ਤੋਂ ਪੈਸੇ ਲੈ ਕੇ ਆਇਆ, ਮਾਂ ਮੈਂ ਕੱਲ ਤੇਰਾ ਇਲਾਜ ਕਰਵਾ ਦੇਵਾਂਗਾ। ਮਾਂ ਦੀਆਂ ਅੱਖਾਂ ਵਿੱਚ ਹੰਝੂ ਆ ਗਏ, ਮਾਂ ਤੂੰ ਅਰਾਮ ਕਰ ਮੈਂ ਤੇਰੇ ਖਾਣ ਲਈ ਕੁੱਝ ਲੈ ਕੇ ਆਉਣਾ ਝੱਲਾ ਗਿਆ ਤੇ ਆਪਣੀ ਮਾਂ ਲਈ ਬਰੈੱਡ ਤੇ ਦੁੱਧ ਦਾ ਗਲਾਸ ਲੈ ਕੇ ਆਇਆ... ਲੈ ਮਾਂ ਤੂੰ ਖਾਹ ਸੁਬਾਹ ਹੁੰਦਿਆਂ ਹੀ ਤੈਨੂੰ ਹਸਪਤਾਲ ਲੈ ਜਾਵਾਂਗਾ... ਲੈ ਮਾਂ ਖਾ।

ਝੱਲਾ ਅੱਧੀ ਰਾਤ ਤੱਕ ਆਪਣੀ ਮਾਂ ਦਾ ਸਿਰ ਘੁੱਟਦਾ ਰਿਹ ਮਾਂ ਸੌਂ ਗਈ ਤੇ ਮਾਂ ਨੂੰ ਵੇਖਕੇ ਝੱਲਾ ਵੀ ਸੌਂ ਗਿਆ।

ਸਵੇਰ ਹੋਈ, ਝੱਲਾ ਉਠਿਆ, ਆਪ ਸੋਚਦਾ ਮਾਂ ਨੀ ਉੱਠੀ ਅੱਗੇ ਆਪ ਪਹਿਲਾਂ ਉਠ ਕੇ ਮੈਨੂੰ ਜਗਾਉਂਦੀ ਪਰ ਅੱਜ ਨੀ...।

ਝੱਲਾ ਉੱਚੀ ਉੱਚੀ ਬੋਲਿਆ

ਮਾਂ...ਮਾਂ...

ਮਾਂ ਹੋਵੇ ਤਾਂ ਜਾਗ ਆਵੇ...

ਝੱਲੇ ਦੀ ਮਾਂ ਵੀ ਝੱਲੇ ਨੂੰ ਛੱਡ ਗਈ ਹੁਣ ਸ਼ਾਇਦ ਕਾਟੋ ਤੋਂ ਬਗੈਰ ਝੱਲੇ ਦਾ ਕੋਈ ਨਾ ਰਿਹਾ। ਕਾਟੋ ਵੀ ਹਰ ਰੋਜ਼ ਸਕੂਲ ਦੇ ਨਲਕੇ ਕੋਲ ਝੱਲੇ ਦੀ ਉਡੀਕ ਕਰਦੀ ਤੇ ਚਲੀ ਜਾਂਦੀ।

ਕਾਫ਼ੀ ਦਿਨ ਝੱਲਾ ਸਕੂਲ ਨਾ ਆਇਆ, ਮਾਸਟਰ ਮਿੱਠਾ ਸਿੰਘ ਇੱਕ ਨੇਕ ਇਨਸਾਨ, ਮਿੱਠੇ ਸੁਭਾਅ ਦਾ,

ਝੱਲੇ ਦੇ ਘਰ ਆਇਆ ਘਰ ਦਾ ਕੁੰਡਾ ਖੜਕਾਇਆ ਆਵਾਜ਼ ਮਾਰੀ 'ਝੱਲਿਆ ਓਹ ਝੱਲਿਆ...?'

ਮਾਸਟਰ ਜੀ ਦੀ ਆਵਾਜ਼ ਸੁਣਕੇ ਝੱਲੇ ਨੇ ਬੂਹਾ ਖੋਲਿਆ ਤੇ ਮਾਸਟਰ ਨੂੰ ਜੱਫੀ ਪਾਕੇ ਰੋਣ ਲੱਗਿਆ...ਮਾਸਟਰ ਜੀ ਮੇਰੀ ਮਾਂ ਵੀ ਮੈਨੂੰ ਛੱਡ ਗਈ। ਮਾਸਟਰ ਨੇ ਕਿਹਾ ਨਾ ਝੱਲਿਆ ਰੋ ਨਾ ਤੇਰੀ ਮਾਂ ਤੇਰੇ ਕੋਲ ਹੀ ਹੈ, ਮਾਸਟਰ ਝੱਲੇ ਨੂੰ ਆਪਣੇ ਘਰ ਲੈ ਜਾਂਦਾ ਹੈ, ਉਸ ਨੂੰ ਘਰ ਵਿੱਚ ਆਪਣਾ ਪੁੱਤ ਬਣਾਕੇ ਰੱਖਦਾ ਹੈ ਤੇ ਕਈ ਹਫ਼ਤਿਆਂ ਬਾਅਦ ਜਦ ਝੱਲਾ ਸਕੂਲ ਜਾਂਦਾ ਹੈ ਤਾਂ ਜਮਾਤ ਵਿੱਚ ਕਾਟੋ ਨਹੀਂ ਹੁੰਦੀ ਛੁੱਟੀ ਹੋਣ ਤੇ ਜਦ ਝੱਲਾ ਨਲਕੇ ਵੱਲ ਵੇਖਦਾ ਹੈ ਤਾਂ ਕਾਟੋ ਉਸ ਦੀ ਉਡੀਕ ਕਰਦੀ ਝੱਲੇ ਨੂੰ ਨਜ਼ਰ ਆਉਂਦੀ ਹੈ।

ਝੱਲਾ ਕਾਟੋ ਕੋਲ ਜਾਂਦਾ ਹੈ ਉਸ ਨੂੰ ਪੈਸੇ ਵਾਪਿਸ ਕਰਦਾ ਤੇ ਰੋਂਦਾ ਹੋਇਆ ਆਖਦਾ ਹੈ ਕਾਟੇ ਝੱਲੇ ਦੀ ਮਾਂ ਉਸ ਨੂੰ ਛੱਡ ਗਈ ਤੇ ਹੁਣ ਉਸ ਦਾ ਕਾਟੋ ਤੋਂ ਬਗੈਰ ਕੋਈ ਨਹੀਂ ਇਸ ਦੁਨੀਆਂ ਵਿੱਚ ਉਹ ਕਦੀ ਉਸ ਤੋਂ ਦੂਰ ਨਾ ਜਾਵੇ ਤਾਂ ਕਾਟੋ ਆਪਣੇ ਦਿਲ ਤੇ ਪੱਥਰ ਰੱਖ ਕੇ ਝੱਲੇ ਨੂੰ ਆਖ ਦਿੰਦੀ ਹੈ ਕਿ ਉਸ ਦੇ ਪਿਓ ਨੇ ਉਸ ਤੋਂ ਬਿਨਾ ਪੁੱਛੇ ਉਸ ਦਾ ਰਿਸ਼ਤਾ ਕਨੇਡਾ ਵਿੱਚ ਰਹਿੰਦੇ ਉਸ ਦੇ ਦੋਸਤ ਦੇ ਮੁੰਡੇ ਸੱਤੀ ਨਾਲ ਕਰ ਦਿੱਤਾ, ਉਹ ਫਿਕਰ ਨਾ ਕਰੇ ਝੱਲੇ ਦੀ ਕਾਟੇ ਪਰਦੇਸ਼ ਜਾਕੇ ਵੀ ਉਸ ਨੂੰ ਹੀ ਪਿਆਰ



ਕਰੇਗੀ ਜਿਸ ਨੂੰ ਉਹ ਪਹਿਲਾਂ ਤੋਂ ਹੀ ਕਰਦੀ ਆਈ ਹੈ...ਏਨੀ ਗੱਲ ਕਹਿਕੇ ਉਹ ਓਥੋਂ ਚਲੀ ਜਾਂਦੀ ਹੈ।

ਅੱਜ ਸੱਤ ਸਾਲ ਹੋ ਗਏ ਕਾਟੋ ਨੂੰ ਪਰਦੇਸ਼ ਗਈ ਨੂੰ ਉਹ ਹਾਲੇ ਤੱਕ ਪਿੰਡ ਵਾਪਿਸ ਨਹੀਂ ਆਈ...

ਤੇ ਝੱਲਾ ਅੱਜ ਵੀ ਝੱਲਿਆਂ ਵਾਂਗ ਸਕੂਲ ਦੇ ਨਲਕੇ ਕੋਲ ਬੈਠਾ ਕਾਟੋ ਦੀ ਉਡੀਕ ਕਰ ਰਿਹਾ ਹੈ...

ਮੇਰਾ ਮਹਿਲ

ਕੀ ਦੱਸਾਂ ਇਸ ਘਰ ਦਾ ਰਾਜ ਕੀ ਆ,
ਉਹਨੇ ਤਾਂ ਕਹਿ ਦਿੱਤਾ,
ਬੜੀ ਅਸਾਨੀ ਨਾਲ,
ਕਿ ਇਸ ਘਰ ਚ ਹੈ ਕੀ ਆ...
ਉਹਨੇ ਮੇਰੇ ਦਿਲ ਦੇ ਬੂਹੇ ਤੇ ਆਕੇ ਹੀ ਵੇਖਿਆ ਕਦ ਸੀ,
ਜੇ ਵੇਖਦੀ ਸ਼ਾਇਦ ਇਹ ਵੀ ਮਹਿਲ ਲੱਗਦਾ,
ਪਰ ਓਦੋਂ ਮਹਿਲ, ਮਹਿਲ ਨਹੀਂ ਲੱਗਦੇ,
ਜਦ ਦਿਲ ਚ ਮੈਲ ਹੋਵੇ...
ਪਰ ਜੇ ਮੁਹੱਬਤ ਹੋਵੇ,
ਆਹ ਕੁੱਲੀਆਂ ਵੀ ਮਹਿਲ ਲੱਗਦੀਆਂ ਨੇ...
ਮੈਂ ਆਸ ਰੱਖਾਂਗਾ ਤੇਰੇ ਆਉਣ ਦੀ,
ਤੂੰ ਇੱਕ ਵਾਰ ਜ਼ਰੂਰ ਆਵੀਂ,
ਅੰਦਰ ਨਾ ਵੜੀਂ ਭਾਵੇਂ,
ਪਰ ਮੇਰੇ ਦਿਲ ਦੀ ਦਹਿਲੀਜ਼ ਤੇ,
ਪੈਰ ਰੱਖਕੇ ਅੰਦਰ ਵੱਲ ਜ਼ਰੂਰ ਵੇਖੀਂ,
ਕੀ ਪਤਾ ਤੇਰੇ ਵੇਖਣ ਨਾਲ,
ਇਹ ਕੁੱਲੀਆਂ ਵੀ ਮਹਿਲ ਬਣ ਜਾਣ...



ਮੇਰਾ ਬਾਪੂ

ਜਦੋਂ ਮੈਂ
ਬਾਪੂ ਦੇ ਕਮਰੇ ਵਿੱਚ ਗਿਆ,
ਤਾਂ ਮੈਨੂੰ ਮੇਰਾ
ਬਾਪੂ ਯਾਦ ਆ ਗਿਆ..
ਕਿਉਂਕਿ ਉਸ ਕਮਰੇ ਦੀ ਕੰਧ ਦੇ ਆਲ਼ੇ ਵਿੱਚ,
ਗੋਲ ਸ਼ੀਸ਼ਾ,
ਮੋਚਨਾ, ਚਵਾਨੀ,
ਤੇ ਬੇਬੇ ਦੇ ਸੰਦੂਕ ਦੇ ਉੱਤੇ,
ਪਈ ਟੌਰੇ ਵਾਲੀ ਪੱਗ,
ਕੁੜਤਾ, ਚਾਦਰਾ,
ਨੋਕ ਵਾਲੀ ਕੱਢਵੀਂ ਜੁੱਤੀ,
ਕੈਂਠਾ,
ਕੈਂਠੇ ਦੀ ਡੋਰ,
ਨੱਤੀਆਂ,
ਸੋਨੇ ਦੇ ਬਟਨ,
ਤੇ ਕੁੱਝ ਚਾਂਦੀ ਦੇ ਛੱਲੇ ਪਏ ਸਨ।
ਮੋਚਨੇ ਨਾਲ ਸੇਲੀਆਂ ਦੇ ਵਾਲ਼ ਪੱਟਕੇ,
ਖਤ ਕੱਢਕੇ,
ਚਵਾਨੀ ਨਾਲ ਅੱਖਾਂ ਵਿੱਚ ਸੁਰਮਾਂ ਪਾਕੇ,
ਟੌਹਰੇ ਵਾਲੀ ਪੱਗ ਬੰਨਕੇ,

ਕੁੜਤੇ ਨੂੰ ਸੋਨੇ ਦੇ ਬਟਨ ਲਗਾਕੇ,
ਚਾਦਰੇ ਚ ਸੌ ਵਲ਼ ਪਾਕੇ,
ਗਲ਼ ਵਿੱਚ ਕੈਂਠਾ
ਤੇ ਕੈਂਠੇ ਦੀ ਡੋਰ ਪਿੱਠ ਤੇ ਲਟਕਾ ਕੇ,
ਕੰਨਾਂ ਵਿੱਚ ਨੱਤੀਆਂ,
ਤੇ ਉਂਗਲਾਂ ਵਿੱਚ ਛੱਲੇ ਪਾਕੇ,
ਗੋਲ ਸ਼ੀਸ਼ੇ ਵਿੱਚ ਆਪਣਾ ਮੂੰਹ ਵੇਖਕੇ,
ਜਦੋਂ ਬਾਪੂ ਮੇਲੇ ਜਾਂਦਾ
ਤਾਂ ਦੁਨੀਆਂ ਵੇਖਦੀ ਰਹਿ ਜਾਂਦੀ...
ਮੇਰਾ ਬਾਪੂ

ਨਾਨਕ ਨਗਰ

ਮੇਰੇ ਪੰਜਾਬ ਦੇ ਪਿੰਡ ਵਿਦੇਸ਼ਾਂ ਨਾਲੋਂ ਕਿਤੇ ਘੱਟ ਨੀ,
ਮੇਰੇ ਪਿੰਡਾਂ ਵਿੱਚ ਤਾਂ ਉਹ ਪੰਛੀ ਨੇ,
ਜਿਹੜੇ ਵਿਦੇਸ਼ਾਂ ਵਿੱਚ ਪਲਾਸਟਿਕ ਦੇ ਹੁੰਦੇ ਨੇ,
ਤੇ ਉਹ ਵੀ ਮੁੱਲ ਮਿਲਦੇ ਨੇ।
ਮੇਰੇ ਪਿੰਡ ਦੀ ਸਵੇਰ ਵੇਲੇ,
ਜਦ ਮੈਂ ਖੇਤਾਂ ਵੱਲ ਜਾਂਦਾ ਹਾਂ
ਤਾਂ ਟਟੀਰੀਆਂ ਦੀ ਟ੍ਰੀ ਟ੍ਰੀ,
ਘੁੱਗੀਆਂ ਦੀ ਘੂੰ ਘੂੰ,
ਚਿੜੀਆਂ ਦੀ ਚੀਂ ਚੀਂ,
ਇੰਨ੍ਹਾਂ ਦੇ ਬੋਲ, ਅਵਾਜ਼ਾਂ,
ਸਪੀਕਰ ਵਿੱਚ ਪੜ੍ਹਦੇ ਗ੍ਰੰਥੀ ਵਾਂਗ,
ਮਨ ਨੂੰ ਸਾਂਤ ਕਰ ਦਿੰਦੀਆਂ ਨੇ।
ਮੇਰੇ ਖੇਤਾਂ ਦੇ ਰੁੱਖਾਂ ਵਿੱਚੋਂ,
ਚਲਦੀਆਂ ਹਵਾਵਾਂ,
ਮੈਨੂੰ ਗੁਰੂ ਗ੍ਰੰਥ ਸਾਹਿਬ ਦੇ ਚੌਰ ਅਰਗੀਆਂ ਜਾਪਦੀਆਂ ਨੇ।
ਮੈਂ ਜਦ ਨੀਲੇ ਅੰਬਰ ਵੱਲ ਵੇਖਦਾ ਹਾਂ
ਤਾਂ ਸੂਰਜ ਦੀਆਂ ਕਿਰਨਾਂ
ਜਦੋਂ ਫਿੱਕੇ ਫਿੱਕੇ
ਬੱਦਲਾਂ ਨੂੰ ਚੀਰ ਕੇ ਮੇਰੇ ਪਿੰਡ ਦੀਆਂ ਕੰਧਾਂ ਤੇ ਪੈਂਦੀਆਂ ਨੇ
ਤਾਂ ਉਹ ਗੋਹੇ ਮਿੱਟੀ ਨਾਲ ਲਿੱਪੀਆਂ ਕੰਧਾਂ,
ਸ਼ੀਸ਼ੇ ਵਾਂਗੂੰ ਚਮਕਦੀਆਂ ਨੇ,
ਜਿੰਨਾਂ ਵਿੱਚੋਂ ਦੀ ਮੈਨੂੰ ਮੇਰੇ ਪੰਜਾਬ ਦੇ ਪਿੰਡ ਨਜ਼ਰ ਆਉਂਦੇ ਨੇ।

ਸ਼ੈਅ

ਕਹਿੰਦਾ, 'ਐਡੀ ਕੀ ਸ਼ੈਅ ਆ ਇਹ', ਤੂੰ ਐਵੇ ਨਾ ਸਾਰਾ ਦਿਨ ਇਹਦੇ ਗੁਣ ਗਾਇਆ ਕਰ...।

ਸ਼ੈਅ...?
ਤੈਨੂੰ ਪਤਾ ਇਹ ਮੁਲਕ ਆ ਮੇਰਾ...ਪੱਪਾ ਉੱਤੇ ਟਿੱਪੀ ਜੱਜੇ ਨੂੰ ਕੰਨਾ ਤੇ ਨਾਲ ਈ ਬੱਬਾ...ਪੰਜਾਬ...ਇਹ ਹਰ ਵਰਗ, ਹਰ ਪੜਾਅ ਦਾ ਸ਼ੀਸ਼ਾ ਐ...
ਲੈ ਹੋਰ ਦੱਸਾਂ ਤੈਨੂੰ...ਸੁਣ ਫੇਰ,
ਹਾਰਿਆਂ ਦਾ ਹੌਸਲਾ,
ਮਰਿਆਂ ਦੀ ਆਸ,
ਦੁਖੀਆਂ ਦੇ ਸੁੱਖ,
ਰੋਂਦਿਆਂ ਦੇ ਹਾਸੇ,
ਵਿੱਛੜੇ ਦੀ ਭਾਲ,
ਬੱਚਿਆਂ ਦਾ ਭੋਲਾਪਨ,
ਮੁਟਿਆਰਾਂ ਦੇ ਚਾਅ,
ਜਵਾਨਾ ਦਾ ਜੋਸ਼,
ਮਹਿਬੂਬ ਦੀ ਮੁਹੱਬਤ,
ਬਜ਼ੁਰਗਾਂ ਦਾ ਸਹਾਰਾ,
ਕਿਰਤੀਆਂ ਦੀ ਮਿਹਨਤ,
ਕਿਸਾਨਾਂ ਦੇ ਸੁਪਨੇ,
ਰਿਸ਼ਤਿਆਂ ਦਾ ਨਿੱਘ,



ਪਿੰਡ ਦੇ ਸੱਥ ਦੀ ਰੌਣਕ,
ਮਿੱਟੀ ਦੀ ਖੁਸ਼ਬੂ,
ਅੰਮ੍ਰਿਤ ਵੇਲੇ ਦਾ ਚਾਨਣ,
ਖੇਤਾਂ ਦੀ ਹਰਿਆਲੀ,
ਤੇ
ਰੱਬ ਦੇ ਰਾਹ
...ਵਰਗੀ ਲੱਗਦੀ ਆ ਮੈਨੂੰ...ਤੈਨੂੰ ਪਤਾ ਜਦੋਂ ਮੈਂ ਸਭ ਕਾਸੇ ਤੋਂ ਤੰਗ ਆ ਜਾਨੀ ਆ ਤੇ ਮੇਰਾ ਚਿੱਤ ਨੀ ਲੱਗਦਾ...ਫੇਰ ਮੈਂ ਇਹਦੇ 'ਚ ਗੁੰਮ ਜਾਨੀ ਆ...ਤੇਰੇ ਭਾਣੇ ਜਾਂ ਬਾਕੀ ਲੋਕਾਂ ਲਈ ਇਹ ਸਿਰਫ਼ ਕਿਸੇ ਕੋਰੇ ਵਰਕਿਆਂ ਤੇ ਛਪੇ ਕਾਲੇ ਅੱਖਰ ਹੋ ਸਕਦੇ ਨੇ ਪਰ ਸੱਚ ਦੱਸਾਂ ਤਾਂ ਇਹ ਮੇਰਾ ਤੇ ਮੇਰੀ ਰੂਹ ਦਾ ਸਕੂਨ ਆ...
ਉਹ ਚੁੱਪ ਰਿਹਾ।
ਤੇ...ਉਸੇ ਦਿਨ ਤੋਂ ਬਾਅਦ ਹੁਣ ਉਹ ਮੈਨੂੰ **'ਕਿਤਾਬ'** ਕਹਿ ਕੇ ਬਲਾਉਂਦਾ ਏ।

ਸੱਥਾਂ ਜਿੱਡੇ ਜਿਗਰੇ

ਪਿੰਡਾਂ ਦੀਆਂ ਸੱਥਾਂ ਜਿੱਡੇ ਜਿੱਡੇ ਜਿਗਰੇ ਨੇ ਇਨ੍ਹਾਂ ਦੇ...
ਸਪਰੇਹਾਂ ਦੀਆਂ ਢੋਲੀਆਂ ਨੇ
ਇੰਨ੍ਹਾਂ ਦੇ ਮੱਢਿਆਂ ਤੇ ਚਟਾਕ
ਤੇ ਪਿੱਠਾਂ ਤੇ ਨਕਸ਼ੇ ਬਣਾ ਲਏ ਨੇ ਆਪਣੇ...

ਜਦ ਕੋਈ ਰਿਸ਼ਤੇਦਾਰ ਇੰਨ੍ਹਾਂ ਨੂੰ ਖੇਤ ਮਿਲਣ ਜਾਂਦਾ
ਤਾਂ ਉਹ ਇੱਕ ਦ੍ਰਿਸ਼ ਵੇਖਦਾ...

ਡੱਬੀਆਂ ਆਲਾ ਉਧੜਿਆ ਜਾ ਸਿਰ ਤੇ ਸਾਫਾ
ਤੇ ਖਾਖੀ ਕੁੜਤਾ...
ਓ ਵੀ ਮੋਢੇ ਤੋਂ ਉਧੜਿਆ ਹੋਇਆ
ਤੇ ਖੁੱਲੀ ਜਿਹੀ ਪੈਂਟ,
ਜਿਹਦੀ ਹੁੱਕ ਦੀ ਗੱਠ ਬੰਨਕੇ
ਤੇ ਲੱਕ ਉੱਤੋਂ ਦੀ ਸੀੜ ਲਵੇਟਿਆ ਹੁੰਦਾ,
ਕੁੜਤਾ ਪੈਂਟ ਦੇ ਵਿੱਚ,
ਪੈਂਟ ਦੀਆਂ ਮੂਹਰੀਆਂ ਵੀ ਯੂਰੀਏ ਆਲੀ ਬੋਰੀ ਦੇ ਧਾਗੇ ਨਾਲ ਬੰਨੀਆਂ ਹੁੰਦੀਆਂ ਨੇ।
ਪਿੱਠ ਤੇ ਲਟਕਾਈ ਵੀਹ ਪੱਚੀ ਲੀਟਰ ਆਲੀ ਢੋਲੀ ਦਾ ਪਾਣੀ,
ਨੁਚੜ ਨੁਚੜ ਕੇ
ਇੰਨ੍ਹਾਂ ਦਰਵੇਸ਼ਾਂ ਦੀਆਂ ਖੁੱਚਾਂ ਤੋਂ ਦੀ ਲੰਘਦਾ ਹੋਇਆ



ਜਦ ਅੱਡੀਆਂ ਨੂੰ ਛੂਹਕੇ ਨੰਗੇ ਪੈਰਾਂ ਹੇਠ ਸਮਾ ਜਾਂਦਾ...
ਫਿਰ ਇੰਨ੍ਹਾਂ ਦੇ ਪੈਰ ਵੀ ਪੂਜਣ ਯੋਗ ਹੋ ਜਾਂਦੇ ਨੇ।

ਆਪਣੇ ਰਿਸ਼ਤੇਦਾਰ ਨੂੰ ਖੇਤ ਵਿੱਚ ਵੇਖਕੇ,
ਇੰਨ੍ਹਾਂ ਦੇ ਚਿਹਰੇ ਦੀ ਦਗ ਦਗ ਕਰਦੀ ਲਾਲੀ
ਤੇ ਇੰਨ੍ਹਾਂ ਦਾ ਹਾਸਾ ਵੀ ਵੇਖਣ ਯੋਗ ਹੁੰਦਾ।

ਇੰਨ੍ਹਾ ਦੇ ਗਾਰੇ ਨਾਲ ਭਰੇ ਪੈਰਾਂ ਨੂੰ ਵੇਖਕੇ ਮੈਥੋਂ ਵੀ ਰਿਹਾ ਨਾ ਗਿਆ ਨਤਮਸਤਕ ਕੀਤੇ ਬਿਨਾ...

ਜਦ ਕਦੀ ਵੀ ਮੈਂ ਇੰਨ੍ਹਾਂ ਨੂੰ ਆਪਣੀ ਹਿੱਕ ਨਾਲ ਲਾਉਂਦਾ.
ਤਾਂ ਕਿਸੇ ਹੋਰ ਜਹਾਨ ਦਾ ਰੰਗ ਮਾਣਦਾ,
ਤੇ ਮੇਰੀਆਂ ਅੱਖਾਂ ਵਿੱਚੋਂ ਇੰਨ੍ਹਾਂ ਦਰਵੇਸ਼ਾਂ ਲਈ ਦੋ ਹੰਝੂ ਆ ਜਾਂਦੇ ਤੇ
ਮੈਂ ਆਪਣੇ ਆਪ ਨੂੰ ਭਾਗਾਂ ਵਾਲਾ ਸਮਝਦਾ ਤੇ ਸਫਲ ਹੋ ਜਾਂਦਾ।

ਆ ਬਹੁੜੀ ਓਏ ਦਾਤਿਆ...
ਇੰਨ੍ਹਾਂ ਦਰਵੇਸ਼ਾਂ ਦੀਆਂ ਨਜ਼ਰਾਂ ਨੂੰ ਕਿਸੇ ਦੀਆਂ ਨਜ਼ਰਾਂ ਨਾ ਲੱਗ ਜਾਣ... ਇਹ ਤਾਂ ਆਪਣੇ ਖੇਤਾਂ ਦੇ ਸਿਰੇ ਖੜਕੇ,
ਸਿੱਧੇ ਸਿਆੜ ਦੀ ਸੂਤ-ਮਾਰਵੀ ਕੋਰ ਦੇਖਣੀ
ਤੇ ਖੂੰਜਿਆਂ 'ਚ ਨਾਲੋਂ ਨਾਲ ਹਲ ਵਾਹੁਣ ਵੇਲੇ ਰਹੇ ਹੋਏ ਪਾੜੇ ਮਾਰ ਦੇਣ ਦੀ ਕਾਰੀਗਰੀ ਦਾ ਮੁੱਲ

ਕੋਈ ਕਦਰਦਾਨ ਅੱਖਾਂ ਹੀ ਪਾ ਸਕਦੀਆਂ ਨੇ...
ਮਜਾਲ ਆ ਕੀਤੇ ਕੋਰ ਦੀ ਕਣਕ ਨੂੰ ਪਹਿਲਾ ਪਾਣੀ ਲਾਉਣ ਵੇਲੇ ਪਾੜਾ ਰਹਿਜੇ
ਇੰਨ੍ਹਾਂ ਦੀਆਂ ਤੂੰ ਹੀ ਜਾਣ ਦਾਤਿਆ...

ਇਹ ਤਾਂ ਵੀਹ ਕਿੱਲਿਆਂ ਦੀ ਵਾਹੀ ਤੋਂ ਦੱਸ ਦਿੰਦੇ ਆ ਵੀ ਦੂਜੇ ਖੇਤ ਦੇ ਬੰਨੇ ਪਹੇ ਤੇ
ਔਹ ਕਿਹੜੇ ਕਿਹੜੇ ਤੁਰੇ ਆਉਂਦੇ ਆ।
ਧਰਮ ਨਾਲ ਇੰਨ੍ਹਾਂ ਦੇ
ਤੇ ਇੰਨ੍ਹਾਂ ਦੇ ਪਰਿਵਾਰਾਂ ਦੇ
ਜਿਗਰੇ ਵੀ ਤਾਂ ਵੇਖਣ ਵਾਲੇ ਹੁੰਦੇ ਆ...

ਆ ਪਿੱਛੇ ਜੇ ਪਈ ਨਰਮੇ ਤੇ ਚਿੱਟੀ ਮੱਖੀ ਨੇ
ਇੰਨ੍ਹਾਂ ਜੱਟਾਂ ਦੇ ਦਸ ਦਸ ਏਕੜ ਨਰਮੇ ਤਬਾਹ ਕਰ ਦਿੱਤੇ ਸੀ,
ਜਿਸ ਦੀ ਕੀਮਤ ਕੌਡੀ ਵੀ ਨੀ ਪਈ ਇੰਨ੍ਹਾਂ ਦੇ ਪੱਲੇ...

ਫਿਰ ਵੀ ਮੈਂ ਕਹਿੰਦੇ ਸੁਣੇ ਆ
ਵੀ ਚੱਲ ਓਹੀ ਜਾਣੇ,
ਆ ਸਾਲ ਨਹੀਂ ਤਾਂ ਅਗਲੇ ਸਾਲ ਸਹੀ।
ਪਰ ਬੰਦਾ ਨੀ ਮੁੜਕੇ ਆਉਂਦਾ ਵਾਪਸ,
ਨੁਕਸਾਨ ਤਾਂ ਹੁੰਦੇ ਆਏ ਆ ਸਾਰੀ ਉਮਰ।

ਪਰ ਇਹ ਫਿਰ ਵੀ ਸਭ ਨੂੰ ਏਹੀ ਕਹਿੰਦੇ ਨੇ,



ਇਹ ਖੁਸ਼ੀਆਂ,
ਇਹ ਹਾਸੇ ਮੁੱਲ ਨੀ ਮਿਲਦੇ,
ਬੰਦਾ ਮੁੜਕੇ ਨੀ ਆਉਂਦਾ,
ਖੂਹਾਂ ਨੂੰ ਖੂਹ ਨੀ ਮਿਲਦੇ,
ਪੈਸਾ ਤਾਂ ਹੱਥਾਂ ਦੀ ਮੈਲ਼ ਆ,
ਫਿਰ ਕਮਾ ਲਵਾਂਗੇ.... ਕੋਈ ਗੱਲ ਨਈਂ।

ਇੰਨ੍ਹਾਂ ਦੀ ਹਿੰਮਤ, ਇੰਨ੍ਹਾਂ ਦਾ ਹੌਸਲਾ,
ਹਮੇਸ਼ਾ ਚੜ੍ਹਦੀ ਕਲਾ ਵਿੱਚ ਰਹਿਣ ਦਾ ਜ਼ਜ਼ਬਾ ਪੈਦਾ ਕਰਦਾ ਸਾਡੇ ਵਿੱਚ।
ਇੰਨ੍ਹਾਂ ਦੀਆਂ,
ਏਹੀ ਗੱਲਾਂ ਕਰਕੇ ਹੀ
ਇਹ ਸਾਡੇ ਦਿਲਾਂ ਵਿੱਚ ਥਾਂ ਬਣਾਈ ਬੈਠੇ ਨੇ
ਤੇ
ਇਹ ਸਾਡਿਆਂ ਦਿਲਾਂ ਵਿੱਚ ਸਦਾ ਹੀ ਸਦੀਆਂ ਤੱਕ ਜਿਉਂਦੇ ਰਹਿਣਗੇ...

ਹਾੜੀ ਦੇ ਦਿਨ

ਲਹਿੰਦੇ ਚੇਤ,
ਤੇ ਚੜਦੇ ਵਿਸਾਖ ਦੇ ਆਹ
'ਹਾੜੀ ਦੇ ਦਿਨ'
ਵੇਖਣ ਯੋਗ ਹੁੰਦੇ ਨੇ ਸਾਡੇ ਪਿੰਡਾ 'ਚ।

ਹਾੜੀ ਆਉਣ ਤੋਂ ਕਈ ਦਿਨ ਪਹਿਲਾਂ,
ਘਰ ਦਾ ਦੇਸੀ ਘਿਓ,
ਘਰ ਦੀ ਘਲਾੜੀ ਦਾ ਗੁੜ,
ਸੁੱਕੀਆਂ ਦਾਲਾਂ,
ਮੋਠ, ਮਾਂਹ, ਮੂੰਗੀ, ਛੋਲੇ,
ਸਾਰਾ ਸੌਦਾ ਲੈ ਆਉਂਦੇ ਬਜਾਰੋਂ।

ਤੇ ਕਈ ਘਰ ਤਾਂ,
ਘਰ ਦੀ ਸਰਾਬ ਵੀ ਕੱਢ ਲੈਂਦੇ।
ਭੁੱਕੀ, ਡੋਡੇ,
ਤੇ ਵੱਡੇ ਜ਼ਿੰਮੀਦਾਰ ਫੀਮ ਦਾ ਬੰਦੋਬਸਤ ਵੀ ਕਰ ਲੈਂਦੇ।

ਹਾੜੀ ਤੋਂ ਕਈ ਦਿਨ ਪਹਿਲਾਂ,
ਪਿੰਡਾਂ ਦੀਆਂ ਸੱਥਾਂ 'ਚ,
ਕੋਠਿਆਂ ਤੇ,



ਕਈ ਕਈ ਘਰਾਂ ਦੇ ਚੋਬਰ ਕੱਠੇ ਹੋਕੇ,
ਬੇੜਾਂ ਛੱਤਦੇ,
ਸੁੱਬ ਵੱਟਦੇ,

ਟੋਪਾਂ 'ਚ ਮਾਣਕ ਦੀਆਂ ਕਲੀਆਂ,
ਸੁਣਦਿਆਂ ਸੁਣਦਿਆਂ ਨੂੰ ਪਤਾ ਹੀ ਨਾ ਲੱਗਣਾ,

ਕੇ ਕਦ ਸਰੂਰ 'ਚ ਪਰਾਲੀ ਨਾਲ ਉਹਨਾਂ ਦੇ ਹੱਥ ਸੁਤੇ ਜਾਂਦੇ,
ਫਿਰ ਟੌਪਿਕ ਦੇ ਲਫਾਫੇ ਹੱਥਾਂ ਤੇ ਚਾੜਕੇ,
ਸੁੱਬ ਵੱਟਦੇ।

ਕਈ ਬਾਰ ਮੇਰੇ ਅਰਗਿਆਂ ਦੇ,
ਕੜੱਕੀ 'ਚ ਕੁੜਤੇ ਵੀ ਆ ਜਾਂਦੇ।

ਜਦ ਦੁਪਹਿਰ ਦੀ ਚਾਹ ਦਾ ਵੇਲਾ ਹੋ ਜਾਂਦਾ,
ਐਨੇ ਨੂੰ ਗੁਰੂ ਘਰ ਦੇ ਸਪੀਕਰ 'ਚ,
ਦਾਤੀਆਂ ਆਲਾ ਹੋਕਾ ਦੇ ਦਿੰਦਾ,
ਚੋਬਰ ਚਾਹ ਪੀ ਲੈਂਦੇ,

ਐਨੇ ਨੂੰ,
ਦਾਤੀਆਂ ਆਲਾ, ਪਿੰਡ ਦੀ ਸਾਂਝੀ ਸੱਥ ਦੇ ਥੜੇ ਉੱਤੇ,

ਰੱਖਕੇ ਦਾਤੀਆਂ ਦਾ ਹੋਕਾ ਦਿੰਦਾ,

ਇੱਕ ਇੱਕ ਘਰ,
ਵੀਹ-ਵੀਹ ਦਾਤੀਆਂ ਲੈ ਲੈਂਦੇ,
ਹਾੜੀ ਤੇ ਸਾਰੋਂ ਦੀਆਂ ਆਡਾਂ ਵੱਡਣ ਲਈ,

ਆ ਦਿਨਾਂ ਵਿੱਚ ਤੌੜਿਆਂ ਦੀ,
ਕਾਫ਼ੀ ਵਿਕਰੀ ਹੁੰਦੀ।

ਪਿੰਡ ਦੀ ਘੁਮਿਆਰੀ,
ਘਰ ਘਰ ਤੌੜਾ ਤੇ ਚੱਪਣ ਦੀ ਥਾਂ ਕੁਮੰਡਲ ਫੜਾਕੇ ਜਾਂਦੀ।

ਹਾੜੀ ਤੋਂ ਪਹਿਲਾਂ ਜਦ ਸਾਰੀਆਂ ਤਿਆਰੀਆਂ ਹੋ ਜਾਂਦੀਆਂ,

ਤਾਂ ਹਾੜੀ ਵੱਢਣ ਤੋਂ,
ਇੱਕ ਦਿਨ ਪਹਿਲਾਂ,
ਘਰ ਦੇ ਦੋ ਚਾਰ ਜੀਅ,
ਕੋਈ ਚੰਗਾ ਜਾ ਦਿਨ ਵੇਖਕੇ ਹੱਥ ਕਰ ਆਉਂਦੇ।

ਤੇ ਦੂਸਰੇ ਦਿਨ,
ਦਿਹਾੜੀਏ, ਵੀਹੜੀਏ,



ਪੱਚੀ-ਪੱਚੀ,
ਤੀਹ-ਤੀਹ ਜਾਣੇ ਕੱਠੇ ਹੋ ਕੇ,
ਡਾਰਾਂ ਦੀਆਂ ਡਾਰਾਂ ਜਾਂਦੀਆਂ,
ਖੇਤਾਂ ਨੂੰ।
ਹੱਸਦੇ, ਨੱਚਦੇ,
ਕੋਈ ਗੀਤ ਗਾਉਂਦਾ,
ਬੜੇ ਹੀ ਚਾਅ ਨਾਲ ਜਾਂਦੇ,
ਹਾੜੀ ਵੱਢਣ।

ਫਿਰ ਜਾਣ ਸਾਰ ਹੀ,
ਪੀਕੇ ਕੋਰੇ ਤੌੜੇ ਦਾ ਪਾਣੀ,
ਬੈਠ ਜਾਂਦੇ,
ਆਪੋ ਆਪਣੀਆਂ ਫਾਂਟਾਂ 'ਚ,

ਓ ਓਹਦੇ ਮੂਰਦੀ,
ਓ ਓਹਦੇ ਮੂਰਦੀ,
ਤਕੜਾ ਮਾੜੇ ਦੇ ਅੱਗੇ ਦੀ,
ਮਾੜਾ ਪਿੱਛੇ।

ਲਰਕਰੇ ਪੈਂਦੇ,
ਦੂਰ ਦੂਰ ਤੱਕ ਸੁਣਦੇ।

ਮੁੜਕੋ ਮੁੜਕੀ,
ਕਈ ਵਿਚਾਰੇ ਵੱਡੇ ਢਿੱਡਾ ਆਲੇ ਪਿੱਛੇ ਹੀ ਰਹਿ ਜਾਂਦੇ।

ਇੱਕ ਦੋ ਫਾਟਾਂ ਲੱਗਦੀਆਂ,
ਐਨੇ ਨੂੰ,
ਰੇੜੀ ਤੇ,
ਜਾਂ ਫਿਰ ਕਈ ਘਰਾਂ ਦੀ ਬੀਬੀਆਂ, ਮਾਈਆਂ,
ਤੁਰਕੇ,
ਸਿਰ ਤੇ ਟੋਕਰੀ 'ਚ,
ਸਵੇਰ ਦੀ ਰੋਟੀ ਲੈ ਕੇ ਆਉਂਦੀਆਂ।

ਰੋਟੀ ਖਾ ਕੇ,
ਫਿਰ ਆਪੋ ਆਪਣੀ ਫਾਂਟ 'ਚ ਚਲੇ ਜਾਂਦੇ ਗੱਭਰੂ।

ਫਿਰ ਕਿਆਰਾ ਸਿਰੇ ਲਾ ਕੇ ਹੀ ਪਾਣੀ ਪੀਂਦੇ,
ਐਨੇ ਨੂੰ ਦਸ ਆਲੀ ਚਾਹ ਦਾ ਵੇਲਾ ਹੋ ਜਾਂਦਾ,
ਚਾਹ ਆਲਾ ਚਾਹ ਬਣਾਉਂਦਾ,
ਕਰੜੀ ਜੀ ਪੋਸਤ ਦੇ ਪੱਤੇ ਪਾਕੇ,

ਦੂਰੋਂ ਆਵਾਜ਼ ਮਾਰਦਾ,
ਓਏ ਚੋਬਰੋ ਰੋਰੋਰੋ,

ਚਾਹ ਪੀਲੋ ਚਾਹ,

ਫਿਰ ਕਿਆਰਾ ਸਿਰੇ ਲਾਕੇ ਹੀ ਉਠਦੇ,
ਪਲਾ-ਪਲਾ, ਚਾਹ ਦਾ ਪੀਕੇ,

ਫਿਰ ਮਾਰ ਦੇ ਲਲਕਾਰੇ,
ਜਾ ਬਹਿੰਦੇ।
ਆਪੋ ਆਪਣੀਆਂ ਫਾਂਟਾਂ 'ਚ।
ਅਸਲ 'ਚ ਤਾਂ
ਦੁਪਹਿਰ ਦੀ ਚਾਹ ਤੋਂ ਬਾਅਦ ਹੀ,
ਜਦ ਸੂਰਜ ਢਲ ਜਾਂਦਾ,
ਫਿਰ ਰੰਗ ਵੇਖਣ ਆਲਾ ਹੁੰਦਾ ਇੰਨ੍ਹਾ ਦਾ,
ਫਿਰ ਗਾਉਂਦੇ ਆ ਇਹ ਕਲੀਆਂ,
ਉੱਚੀ-ਉੱਚੀ, 'ਤੇਰੇ ਟਿੱਲੇ ਤੋਂ, ਸੂਰਤ...ਹੀਰ ਦੀ',
ਹੱਸਦੇ ਆ, ਗਾਉਂਦੇ ਆ, ਆਪਣੀ ਮਸਤੀ ਚ ਖੁਸ਼ ਆ।
ਫਿਰ ਤਾਂ ਰੱਬ ਵੀ ਬੜਾ ਨੇੜੇ ਆਕੇ ਵੇਖਦਾ ਤੇ ਸੁਣਦਾ ਇੰਨ੍ਹਾ ਨੂੰ,
ਢਲੀਆਂ ਸ਼ਾਮਾਂ ਤੋਂ ਬਾਅਦ,
ਫਿਰ ਇਹ ਥੱਕੇ ਹਾਰੇ,
ਕਈ ਬਾਰ ਤਾਂ ਘੁੱਟ-ਘੁੱਟ,
ਖੇਤੋਂ ਲਾਕੇ ਹੀ ਤੁਰ ਪੈਂਦੇ ਆ,
ਇਹ ਪਿੰਡ ਨੂੰ।

ਘਰ ਆਉਂਦਿਆਂ ਨੂੰ ਮਾਂ ਵੀ,
ਦੇਸੀ ਘਿਓ 'ਚ ਸ਼ੱਕਰ ਰਲਾਈ ਬੈਠੀ ਹੁੰਦੀ ਆ।
ਇੰਨ੍ਹਾ ਦਿਨਾਂ 'ਚ ਤਾਂ,
ਇਹ ਗਰਮੀਆਂ 'ਚ ਵੀ,
ਤੱਤੇ ਪਾਣੀ ਨਾਲ,
ਪਿੰਡੇ ਨੂੰ ਲੇਸਕੇ,
ਲਾਕੇ ਖੱਦਰ ਦੇ ਦੋ ਦੋ ਪੈਗ,
ਖਾਕੇ ਤਿੰਨ ਸ਼ੱਕਰ ਨਾਲ,
ਤੇ ਦੋ ਦੋ ਦਾਲ ਨਾਲ,
ਥੱਕੇ ਹਾਰੇ ਘੂਕ ਸੌਂ ਜਾਂਦੇ ਨੇ,
ਦਿਨ ਚੜ੍ਹਦੇ ਦਾ ਹੀ ਪਤਾ ਲੱਗਦਾ
ਫਿਰ ਇੰਨ੍ਹਾ ਨੂੰ...
ਪੀਕੇ ਚਾਹ
ਫਿਰ ਤਾਂ ਸਨੇਹਾਂ ਹੀ,
ਚਲੇ ਜਾਂਦੇ ਆ ਖੇਤਾਂ ਨੂੰ,
ਜਾਕੇ ਪਹਿਲਾਂ ਡੰਗਰਾਂ ਲਈ ਹਰਾ
ਵੱਢਣਾ,
ਫਿਰ ਦੁਆਰਾ ਇਹ ਦਰਵੇਸ਼ ਆਪਣੇ ਓਹੀ ਕੰਮੀ ਜੁਤ ਜਾਂਦੇ ਆ...
ਆਇਓ ਕਦੀ ਮੇਰੇ ਪਿੰਡ ਜਰੂਰ,
ਜੇ ਕਿਸੇ ਨੇ ਹੁਣ ਵੀ,
ਇਹ ਨਜ਼ਾਰਾ ਵੇਖਣਾ ਹੋਵੇ...

ਗੁਲਾਬੀ ਚਿੱਠੀ

ਓਸਦਾ ਅੰਦਰੋਂ ਆਉਣਾ,
ਤੇ ਮੇਰਾ ਜਾਣਾ,
ਦੋਵਾਂ ਦਾ ਮੇਲ ਹੋਣਾ,
ਇਹ ਇਤਫ਼ਾਕ ਲੱਗਿਆ ਸਭ ਕੁੱਝ।

ਸਭ ਕੁੱਝ ਭੁੱਲ ਗਿਆ ਮੈਨੂੰ,
ਕਿ ਮੈਂ ਕਿਸ ਜਹਾਨ ਤੇ ਆ ਗਿਆ ਅੱਜ,
ਜਿੱਥੇ ਸਭ ਕੁੱਝ ਨਵਾਂ ਹੀ ਪਹਿਲੀ ਵਾਰ ਵੇਖਿਆ ਹੋਵੇ ਮੈਂ,
ਓਸ ਦਿਨ ਤਾਂ ਓਹਦੇ ਬਗੀਚੇ ਵਿੱਚ ਲੱਗੇ ਫੁੱਲ ਵੀ ਹੱਸਦੇ ਵੇਖੇ ਮੈਂ...
ਓਹਦੀ ਕੰਧ ਤੇ ਟੰਗੀ ਤਸਵੀਰ ਵਿੱਚ,
ਮੈਂ ਖੁਦ ਨੂੰ ਲਿਜਾਕੇ,
ਕਿਸੇ ਹੋਰ ਜਹਾਨ ਦਾ ਰੰਗ ਤੱਕਿਆ ਸੀ।
ਓਹਦਾ ਹਾਸਾ,
ਅੱਖਾਂ ਚ ਪਾਈ ਲੋਅ,
ਕੰਨਾਂ ਦੇ ਝੁਮਕੇ,
ਬਾਹਾਂ ਦੀਆਂ ਵੰਗਾਂ,
ਅੰਬਰ ਜਿਹੇ ਸੂਟ ਤੇ
ਤਾਰਿਆਂ ਅਰਗੇ ਮੋਤੀ,
ਮੱਥੇ ਦੀ ਲਟ,
ਪਹਾੜ ਤੋਂ ਆਉਂਦੇ
ਪਾਣੀ ਦੇ ਝਰਨੇ ਵਾਂਗ ਲੱਗ ਰਹੀ ਸੀ।

ਓਸਦਾ ਵਾਰ ਵਾਰ
ਬੂਹੇ ਵੱਲ ਵੇਖਣਾ,
ਜਿਵੇਂ ਮੇਰੇ ਆਉਣ ਦੀ ਖੁਸ਼ੀ
ਤੇ ਕਿਸੇ ਦੇ ਆਉਣ ਦਾ ਡਰ ਵੀ ਹੋਵੇ ਉਹਨੂੰ।

ਮੈਂ ਆਪਣੀ ਘੜੀ ਦੀ ਸੂਈਆਂ,
ਬੜੀ ਤੇਜੀ ਨਾਲ ਚਲਦੀਆਂ ਵੇਖੀਆਂ ਓਸ ਦਿਨ,
ਜਿਵੇਂ ਚਾਰ ਪਹਿਰਾਂ ਦਾ ਦਿਨ...
ਪਲ ਵਿੱਚ ਹੀ ਸਮੇਂਟ ਲਿਆ ਹੋਵੇ ਕੁਦਰਤ ਨੇ।

ਮੁੜ ਜਾਣ ਦੀਆਂ ਘੜੀਆਂ ਆ ਗਈਆਂ,
ਬੜਾ ਕੁੱਝ ਦੇ ਗਈ,
ਬਿਨ੍ਹਾਂ ਯਕੀਨ ਤੋਂ
ਤੇ ਇੱਕ ਗੁਲਾਬੀ ਚਿੱਠੀ ਵੀ,
ਜਿਸ ਵਿੱਚ ਦੋ ਸ਼ਬਦ ਲਿਖੇ ਸੀ,
'ਤੈਨੂੰ ਪਿਆਰ'

ਬਰਾਤ

ਮੈਂ ਗੱਡੀਆਂ ਤੇ ਨਹੀਂ
ਗੱਡਿਆਂ ਤੇ ਬਰਾਤ ਲੈਕੇ ਆਵਾਂਗਾ ਤੇਰੇ ਪਿੰਡ ਨੂੰ,
ਤੂੰ ਤਿਆਰ ਰਹੀਂ,
ਮੇਰੇ ਬਰਾਤੀ ਸਾਰੇ ਬਾਪੂ ਦੇ ਜ਼ਮਾਨੇ ਦੇ ਹੋਣਗੇ,
ਜਿੰਨ੍ਹਾਂ ਦੇ ਪਰਨੇ, ਗੂੜੀਆਂ ਖੱਟੀਆਂ, ਹਰੀਆਂ ਪੱਗਾਂ ਬੰਨੀਆਂ ਹੋਣਗੀਆਂ,
ਤੇ ਜਿੰਨ੍ਹਾਂ ਦੇ ਡੱਬੀਆਂ ਵਾਲੇ ਚਾਦਰੇ,
ਖੱਦਰ ਦੇ ਕੁੜਤੇ ਪਾਏ ਹੋਣਗੇ।
ਇੰਨ੍ਹਾਂ ਸਾਰਿਆਂ ਵਿੱਚੋਂ ਤੂੰ ਆਪਣੇ ਲਾੜੇ ਨੂੰ ਲੱਭ ਲਵੀਂ,
ਜਿਸ ਦੇ ਗੁਲਾਬੀ ਪੱਗ,
ਸੂਹਾ ਕੁੜਤਾ-ਚਾਦਰਾ, ਤਿੱਲੇ ਵਾਲੀ ਜੁੱਤੀ ਪਾਈ ਹੋਊ,
ਤੇ ਮੇਰੇ ਘਰ ਵਿੱਚ ਆਈਆਂ ਮੇਲਣਾ ਖੁਸ਼ੀਆਂ ਦੇ ਗੀਤ ਗਾਉਣਗੀਆਂ
ਤੇ ਮੇਰੀ ਭੈਣ ਮੇਰੇ ਸਿਰ ਤੇ ਸਿਹਰਾ ਸਜਾਵੇਗੀ,
ਭਰਜਾਈਆਂ ਸੁਰਮਾ ਪਾਉਣਗੀਆਂ।
ਫਿਰ ਮੇਰੀ ਬਰਾਤ ਪਿੰਡ ਦੇ ਦਰਵਾਜੇ ਵਿੱਚੋਂ ਦੀ ਲੰਘਦੀ ਹੋਈ,
ਗੁਰੂ ਘਰ ਮੱਥਾ ਟੇਕ ਕੇ ਤੇਰੇ ਪਿੰਡ ਵੱਲ ਨੂੰ ਕੂਚ ਕਰ ਜਾਵੇਗੀ।
ਸਵੇਰ ਦੀ ਚੱਲੀ ਹੋਈ ਬਰਾਤ ਢਲੀਆਂ ਸ਼ਾਮਾਂ ਤੱਕ ਤੇਰੇ ਪਿੰਡ ਪਹੁੰਚ ਹੀ ਜਾਵੇਗੀ।
ਤੂੰ ਵੇਖ ਲਵੀਂ ਆਪਣੀ ਹਵੇਲੀ ਤੇ ਚੜਕੇ,
ਦੂਰਰਰਰ ਨਿਗਾ ਮਾਰੀ,
ਤੈਨੂੰ ਕੱਚੇ ਪਹਿਆਂ ਚੋਂ ਧੂੜ ਉੱਡਦੀ ਨਜ਼ਰ ਆਵੇਗੀ,
ਕਿਉਂਕਿ ਉਹਦੇ ਵਿੱਚ ਮੇਰੇ ਬਰਾਤੀ ਸੱਜਣ ਨੱਚ ਰਹੇ ਹੋਣਗੇ,
ਜਿਸ ਨੂੰ ਵੇਖਕੇ ਤੈਨੂੰ ਵੀ ਚਾਅ ਚੜਜੂ
ਤੇ ਤੂੰ ਭੱਜੀ-ਭੱਜੀ ਹੇਠਾਂ ਜਾਕੇ ਆਪਣੀਆਂ ਸਹੇਲੀਆਂ ਤੇ ਮਾਂ ਨੂੰ ਦੱਸੇਗੀ
ਕਿ ਮਾਂ ਬਰਾਤ ਪਿੰਡ ਦੀ ਢਾਬ ਕੋਲ ਦੀ ਹੁੰਦੀ ਹੋਈ ਬਸ ਆਪਣੇ ਲਾਗੇ ਹੀ ਆ ਗਈ,

ਤੇ ਫਿਰ ਤੇਰੀਆਂ ਸਖੀਆਂ ਚੁੰਨੀ ਦੇ ਲੜਾ ਨੂੰ ਫੜਕੇ,
ਜਦੋਂ ਮੇਰਾ ਰਾਹ ਰੋਕਣਗੀਆਂ,
ਮੈਂ ਉਹਨਾਂ ਨੂੰ ਢਾਈ ਆਨਿਆਂ ਦਾ ਸ਼ਗਨ ਦੇਕੇ,
ਤੇਰੇ ਘਰ ਦੀ ਦਹਿਲੀਜ਼ ਨੂੰ ਪਾਰ ਕਰਕੇ,
ਓਸੇ ਦਿਨ ਤੋਂ ਤੇਰੇ ਘਰ ਦਾ ਜਵਾਈ ਬਣ ਜਾਵਾਂਗਾ,
ਫਿਰ ਅਗਲੇ ਦਿਨ ਚਾਰ ਲਾਵਾਂ ਲੈ ਕੇ,
ਜਦੋਂ ਤੂੰ ਆਪਣਏ ਭਰਾਵਾਂ ਦੀਆਂ ਬਾਹਵਾਂ ਵਿੱਚ ਡੁਸਕਦੀ ਹੋਈ,
ਮੇਰੇ ਬੋਤੇ ਤੇ ਬੈਠੇਗੀ,
ਤਾਂ ਫਿਰ ਮੇਰੇ ਪਿੰਡ ਦੇ ਰਾਹਵਾਂ ਦੀਆਂ ਵਾਟਾਂ ਵੀ ਛੋਟੀਆਂ ਹੋ ਜਾਣਗੀਆਂ।
ਕਿਉਂਕਿ ਜਦ ਤੂੰ ਮੇਰੇ ਨਾਲ ਹੋਵੇਗੀ,
ਤਾਂ ਮੈਨੂੰ ਅੰਬਰ ਵੀ ਦੂਰ ਨਹੀਂ ਲੱਗਣਾ।
ਓਧਰੋਂ ਮੇਰੀ ਮਾਂ ਵੀ ਵਾਰੀ ਵਾਰੀ ਕੋਠੇ ਤੇ ਚੜਕੇ ਵੇਖ ਰਹੀ ਹੋਵੇਗੀ,
ਕਿ ਕਦੋਂ ਮੇਰਾ ਪੁੱਤ ਓਸ ਨੂੰ ਲੈ ਕੇ ਆਵੇ,
ਜਿਸ ਨੂੰ ਵੇਖਣ ਦੀ ਓਸ ਦੇ ਮਨ ਵਿੱਚ ਬੜੇ ਚਿਰਾਂ ਤੋਂ ਰੀਝ ਹੈ।
ਜਦੋਂ ਬਰਾਤ ਪਿੰਡ ਦੀ ਥਾਈ ਕੋਲ ਪਹੁੰਚ ਜਾਵੇਗੀ,
ਵੱਜਦੇ ਲਲਕਾਰੇ ਢੋਲ ਦੇ ਡੱਗਿਆਂ ਨੂੰ ਸੁਣਕੇ ਮਾਂ ਗੜਬੀ ਅਤੇ ਛੰਨੇ ਨੂੰ ਹੱਥ ਹੇਠ ਕਰ ਲਵੇਗੀ,
ਪੁੱਤ ਤੇ ਨੂੰਹ ਉੱਤੋਂ ਦੀ ਪਾਣੀ ਵਾਰਕੇ ਮਾਂ ਨੂੰ ਸਭ ਦੁੱਖ ਭੁੱਲ ਜਾਣੇ ਨੇ,
ਘਰ ਦੇ ਕੱਚੇ ਬਨੇਰਿਆਂ ਤੇ ਜਗਾਏ ਦੀਵੇ,
ਹਵਾਂ ਵਿੱਚ ਖੜਕਦੀਆਂ ਪਤੰਗੀਆਂ ਦੀ ਆਵਾਜ਼,
ਭੈਣਾਂ ਤੇ ਭਰਜਾਈਆਂ ਵੱਲੋਂ ਗਾਏ ਗਏ ਗੀਤ,
ਢਲੀਆਂ ਸ਼ਾਮਾਂ ਦੀਆਂ ਹਵਾਵਾਂ ਦੀ ਖੁਸ਼ਬੂ,
ਬਿੜਕਦੇ ਦਿਲਾਂ ਨੂੰ ਜੋੜ ਰਹੀ ਹੋਵੇਗੀ।
ਤੇ ਆਪਾਂ ਵਸਲਾਂ ਦੇ ਓਸ ਮੌਕੇ ਸਾਡੇ ਨਵੇਂ ਸੰਸਾਰ ਦੀ ਸਿਰਜਣਾ ਕਰਾਂਗੇ।

ਸ਼ੁਕਰਨਾਮਾ

ਬਹੁਤ ਬੇ-ਇਨਸਾਫ਼ੀ ਲੱਗਦੀ ਆ ਮੈਨੂੰ, ਜੇ ਮੈਂ ਉਹਨਾਂ ਸੱਜਣਾਂ ਦਾ ਨਾਮ ਨਾ ਲਵਾਂ ਜਿੰਨ੍ਹਾਂ ਨੇ ਮੇਰੀ ਨਾ ਚੀਜ਼ ਹੋਣ ਦੇ ਬਾਵਜੂਦ ਵੀ ਆਪਣਾ ਬੱਚਾ, ਭਰਾ ਜਾਂ ਦੋਸਤ ਸਮਝ ਕੇ ਮੇਰੀ ਮਦਦ ਕੀਤੀ ਅਤੇ ਜੋ ਮੇਰੇ ਨਾਲ ਚੰਗੇ-ਮਾੜੇ ਸਮੇਂ ਵਿੱਚ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹੋਏ ਹਨ।

ਇਕ ਵੇਲ਼ਾ ਸੀ ਇਸ ਕਿਤਾਬ ਨੂੰ ਲਿਖ ਕੇ ਸਰੋਤਿਆਂ ਤੱਕ ਪਹੁੰਚਾਉਣਾ। ਪਰ ਮੈਂ ਇਹ ਆਪਣਾ ਸੁਪਨਾ ਸਾਕਾਰ ਹੁੰਦਾ ਵੇਖਣ ਜੋਗਾ ਨਹੀਂ ਸੀ। ਇਹ ਸੁਪਨਾ ਕਦੀ ਵੀ ਪੂਰਾ ਨਹੀਂ ਸੀ ਹੋਣਾ ਜੇ ਮੈਨੂੰ ਇੰਨ੍ਹਾਂ ਸੱਜਣਾਂ ਵੱਲੋਂ ਮਦਦ ਨਾ ਮਿਲਦੀ ਤੇ ਇਹ ਸੁਪਨੇ ਕਦੀ ਵੀ ਪੂਰੇ ਨਹੀਂ ਸੀ ਹੋਣੇ। ਇਹਨਾਂ ਸਾਰਿਆਂ ਦੀ ਮਦਦ ਨਾਲ ਮੇਰੇ ਕਲਬੂਤ 'ਚ ਰੂਹ ਪਾਉਣ ਵਾਲੀ ਗੱਲ ਹੋਈ ਹੈ। ਮੈਂ ਇਹ ਗੱਲ ਮਾਣ ਨਾਲ ਕਹਿ ਸਕਦਾ ਹਾਂ ਕਿ ਮੇਰੀ ਹੋਂਦ ਦਾ ਸਾਰਾ ਸਿਹਰਾ ਇੰਨ੍ਹਾਂ ਨੂੰ ਹੀ ਜਾਂਦਾ ਹੈ। ਮੇਰਾ ਰੋਮ-ਰੋਮ ਮੇਰੇ ਅਖੀਰਲੇ ਸਾਹਾਂ ਤੱਕ ਇੰਨ੍ਹਾਂ ਦੇ ਪਰਉਪਕਾਰਾਂ ਦਾ ਸਦਾ ਕਰਜ਼ਾਈ ਰਹੇਗਾ। ਮੈਨੂੰ ਪਤਾ ਹੈ ਕਿ ਇਹ ਕਰਜ਼ਾ ਮੈਂ ਕਦੀ ਵੀ ਕਿਸੇ ਵੀ ਤਰੀਕੇ ਨਾਲ ਨਹੀਂ ਲਾਹ ਸਕਦਾ ਪਰ ਮੈਂ ਦੋਵੇਂ ਹੱਥ ਜੋੜਕੇ ਇੰਨ੍ਹਾਂ ਦਾ ਧੰਨਵਾਦ ਜ਼ਰੂਰ ਕਰ ਸਕਦਾ ਹਾਂ। ਤੁਸੀ ਇਸ ਨਿਮਾਣੇ ਦਾ ਧੰਨਵਾਦ ਕਬੂਲ ਕਰਿਓ।

ਤੇਜਵੰਤ ਕੌਰ ਹੀਰ (ਯੂ.ਕੇ.), ਰਵਿੰਦਰ ਕੌਰ ਰਵੀ (ਯੂ.ਕੇ.), ਗੁਰਵਿੰਦਰ ਸਿੰਘ (ਯੂ.ਕੇ.), ਸੁਖਪ੍ਰੀਤ ਕੌਰ ਧੀਮਾਨ (ਕੈਨੇਡਾ), ਬਲਜੀਤ ਕੌਰ (ਕੈਨੇਡਾ), ਸ. ਗੁਰਬਖ਼ਸ ਸਿੰਘ ਵਾਹਿਦ (ਕੈਨੇਡਾ), ਕਿਰਨਦੀਪ ਕੌਰ ਭੁੱਲਰ (ਕੈਨੇਡਾ), ਜ਼ੈਲਦਾਰ ਸੰਧੂ (ਆਸਟ੍ਰੇਲੀਆ), ਰਘਬੀਰ ਸਿੰਘ ਧਾਲੀਵਾਲ, ਸਰਬਜੀਤ ਕੌਰ (ਅੰਮ੍ਰਿਤਸਰ), ਗੁਰਮੀਤ ਸਿੰਘ ਚਹਿਲ (ਕੈਨੇਡਾ), ਰਵਿੰਦਰ ਸਿੰਘ ਭੁੱਲਰ (ਕੈਨੇਡਾ), ਪ੍ਰੋਫੈਸਰ ਸ. ਪ੍ਰਦੀਪ ਸਿੰਘ, ਰਮਨਿੰਦਰਪਾਲ ਸਿੰਘ ਸਿੱਧੂ (ਕੈਨੇਡਾ), ਹਰਜ਼ੈਲ ਸਿੰਘ ਸੰਧਲ (ਯੂ.ਐਸ.ਏ.), ਅਮੀ ਸਿੰਘ ਹੁੰਦਲ (ਯੂ.ਐਸ.ਏ.), ਲਵਪ੍ਰੀਤ ਸਿੰਘ (ਕੈਨੇਡਾ), ਹਰਪ੍ਰੀਤ ਸਿੰਘ (ਯੂ.ਐਸ.ਏ.), ਕੁਲਦੀਪ ਸਿੰਘ (ਫਿਨਲੈਂਡ), ਮਲਕੀਤ ਸਿੰਘ ਨਾਹਰ (ਅਲੀਸ਼ੇਰ ਕਲਾਂ)।




ਸੱਚੀ ਬਾਣੀ ਨੇਕ
ਮੋਹੁ ਤੇ ਪੰਜਾਬ ਸੰਗਤਾ ।।